
# ਅੰਮ੍ਰਿਤ ਕੀਰਤਨ

## ਮਈ 2013

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਝ

ਝੱਝਾ ਝਗੜੇ-ਝੇੜੇ ਕਰਕੇ,
ਮਾਇਆ ਤਾਈਂ ਜੋੜੇਂ ਹੂ।

ਚਾਂਦੀ ਗੰਜ ਕਾਰੂੰ ਨੇ ਭਰ ਲਏ,
ਹਿਰਸ ਰਹੀ ਇਹ ਥੋੜ੍ਹੇ ਹੂ।

ਕਰੇਂ ਸਵਾਰੀ ਹਾਥੀ ਉੱਤੇ,
ਰਖੀਆਂ ਮੱਝਾਂ, ਘੋੜੇ ਹੂ।

ਜੱਪ ਲੈ ਨਾਂ ਸੰਤੋਖ ਹਰੀ ਦਾ,
ਜਿਹੜਾ ਆਖਿਰ ਬਹੁੜੇ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।



ਚੰਦੇ ਦਾ ਵੇਰਵਾ

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ



ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਪੜ੍ਹੋ ਤੇ ਅਮੀਰ ਬਣੋ 5

**ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਪ੍ਰੋਗਰਾਮ ਦਾ ਸ਼ੁਭ ਆਰੰਭ**
**ਡਾ. ਗੁਰਨਾਮ ਸਿੰਘ 6**

ਜੀਵਨ ਵਿਚ ਸੰਗੀਤ ਦਾ ਮਹੱਤਵ
ਪ੍ਰੋ. ਕਿਰਪਾਲ ਸਿੰਘ ਬਡੂੰਗਰ 11

ਮਹਾਂ ਸਬਰ-ਮਾਤਾ ਸੁਲੱਖਣੀ
ਮਨਮੋਹਨ ਸਿੰਘ ਦਾਊਂ 17

ਸੀਸ ਦੀਆ ਪਰ ਸਿਰਰੁ ਨਾ ਦੀਆ
ਕਰਮ ਸਿੰਘ ਰਤਨ 18

ਸੁਰ ਲਿਪੀ 25

ਸੁਰ ਵਾਲੇ ਸ਼ਬਦਾਂ ਦੇ ਅਰਥ 26



**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

ਅਪ੍ਰੈਲ ਦਾ ਅੰਮ੍ਰਿਤ ਕੀਰਤਨ ਮਿਲਿਆ। ਮੈਂ ਇਸ ਮਾਸਿਕ ਪੱਤਰ ਦੇ ਨਿਰੰਤਰ ਪ੍ਰਕਾਸ਼ਿਤ ਹੋਣ ਦੀ ਸ਼ਲਾਘਾ ਕਰਦਾ ਹਾਂ। ਇਸ ਅੰਕ ਵਿੱਚ ਡਾਕਟਰ ਜਾਗੀਰ ਸਿੰਘ ਬਾਰੇ ਡਾਕਟਰ ਗੁਰਨਾਮ ਸਿੰਘ ਦਾ ਲੇਖ ਪੜ੍ਹਿਆ। ਉਸ ਵਿੱਚ ਡਾਕਟਰ ਜਾਗੀਰ ਸਿੰਘ ਦੇ ਅਕਾਦਮਿਕ ਸਫਰ ਦੇ ਹਵਾਲੇ ਵਿੱਚ ਗੋਬਿੰਦ ਕਾਲਜ ਛੱਪ ਗਿਆ ਹੈ ਜੋ ਦਰੁਸਤ ਨਹੀਂ ਹੈ। ਇਸ ਕਾਲਜ ਦਾ ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਹੈ। ਮੇਰੀ ਜਾਣਕਾਰੀ ਅਨੁਸਾਰ ਜਾਗੀਰ ਸਿੰਘ ਗੁਰਮਤਿ ਕਾਲਜ ਪਟਿਆਲਾ ਤੋਂ ਧਾਰਮਿਕ ਅਧਿਐਨ ਦੀ ਆਪਣੀ ਦੂਜੀ ਐਮ. ਏ. ਪਾਸ ਕਰਨ ਉਪਰੰਤ ਗੁਰਦੁਆਰਾ ਸੈਕਟਰ 19 ਡੀ. ਚੰਡੀਗੜ੍ਹ ਵਿਖੇ ਆਪਣੇ ਰਾਗੀ ਜਥੇ ਸਮੇਤ ਕੀਰਤਨ ਕਰਨ ਲੱਗ ਪਏ ਸਨ। ਗੁਰਦੁਆਰੇ ਵਿੱਚ ਡਬਲ ਐਮ. ਏ. ਕੀਰਤਨੀਏ ਬਾਰੇ ਚਰਚਾ ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿਲ ਹੋਰਾਂ ਦੇ ਕੰਨਾਂ ਵਿੱਚ ਪਈ ਤਾਂ ਉਹਨਾਂ ਨੇ ਇਹਨਾਂ ਨੂੰ ਸ੍ਰੀ ਗੁਰੂਗੋਬਿੰਦ ਸਿੰਘ ਕਾਲਜ ਵਿੱਚ ਬਤੌਰ ਪੰਜਾਬੀ ਲੈਕਚਰਾਰ ਦੇ ਤੌਰ ਤੇ ਨਿਯੁਕਤ ਕਰ ਲਿਆ। ਸਾਨੂੰ ਵੀ ਡਾਕਟਰ ਜਾਗੀਰ ਸਿੰਘ ਦੀਆਂ ਪ੍ਰਾਪਤੀਆਂ ਤੇ ਬਹੁਤ ਮਾਣ ਹੈ।

ਜਸਮੇਰ ਸਿੰਘ ਬਾਲਾ ਕਰਨਲ (ਰਿ.), ਸਕੱਤਰ, ਸਿੱਖ ਐਜੂਕੇਸ਼ਨ ਸੋਸਾਇਟੀ,ਸ੍ਰੀ ਗੁਰੂਗੋਬਿੰਦ ਸਿੰਘ ਕਾਲਜ, ਚੰਡੀਗੜ੍ਹ

ਕਿਸੇ ਕਾਰਜ ਜਾਂ ਯੋਜਨਾ ਨੂੰ ਪ੍ਰਾਰੰਭ ਕਰਨਾ ਉਤਸ਼ਾਹ ਭਰੇ ਹੌਂਸਲੇ ਕਾਰਨ ਸੁੱਖਲਾ ਹੁੰਦਾ ਹੈ ਪਰੰਤੂ ਉਸ ਕਾਰਜ ਨੂੰ ਨਿਰੰਤਰ ਸੁਚੱਜਤਾ, ਸੁਹਿਰਦਾ ਤੇ ਦ੍ਰਿੜਤਾ ਨਾਲ ਸਮਕਾਲ ਦੇ ਨਾਲ ਤੋਰੀ, ਰੱਖਣਾ, ਹਾਰੀ-ਸਾਰੀ ਦਾ ਕੰਮ ਨਹੀਂ। 'ਅੰਮ੍ਰਿਤ ਕੀਰਤਨ' ਦੀ ਪ੍ਰਾਰੰਭਤਾ ਤੇ ਨਿਰੰਤਰਤਾ ਇਸ ਗੱਲ ਦਾ ਪ੍ਰਮਾਣ ਹੈ ਕਿ 1989 ਤੋਂ ਇਹ ਰਸਾਲਾ ਆਪਣੀ ਰੂਹਾਨੀ ਪ੍ਰਤਿਭਾ ਨਾਲ ਪਾਠਕ ਪਿਆਰਿਆ ਨੂੰ ਦੈਵੀ-ਗੁਣਾਂ ਨਾਲ ਅਨੰਦਿਤ ਕਰ ਰਿਹਾ ਹੈ

ਅਪਰੈਲ 2013 ਅੰਕ ਪ੍ਰਾਪਤ ਕਰ ਕੇ ਹੋਰ ਵੀ ਅਨੂਠੀ, ਖੁਸ਼ੀ ਹੋਈ। 'ਕਰਉ ਬੇਨੰਤੀਆ' ਪੰਨਾ ਹਰ ਵਾਰੀ ਅਲੌਕਿਕਤਾ ਭਰਪੂਰ ਹੁੰਦਾ ਹੈ। 'ਕੀਰਤਨ ਦੀ ਮਹਾਨਤਾ' 'ਚ ਸੰਦੀਪ ਕੌਰ ਬਰਾੜ ਨੇ ਨਵੀਂ ਜਾਣਕਾਰੀ ਦਿੱਤੀ। ਪ੍ਰੋ: ਬੜੂੰਗਰ ਦਾ 'ਜੀਵਨ ਵਿਚ ਸੰਗੀਤ'-ਸਿੱਖ ਸਭਿਆਚਾਰ ਦੀ ਵਿਸ਼ੇਸ਼ਤਾ ਪ੍ਰਗਟਾਉਂਦਾ ਹੈ। ਕਰਮ ਸਿੰਘ ਰਤਨ ਦਾ ਲੇਖ ਲੜੀ 'ਸੀਸ ਦੀਆਂ' ਇਤਿਹਾਸ ਦਾ ਮੁੱਲਵਾਨ ਖਜ਼ਾਨਾ ਹੈ। 'ਗਾਵਿਆ-ਸੁਣਿਆ'-ਸੁਖਵਿੰਦਰ ਸਿੰਘ ਸਾਗਰ ਨੇ ਰਾਗ-ਸੰਗੀਤ' ਨੂੰ ਸ਼ੁੱਧਤਾ ਪ੍ਰਦਾਨ ਕਰਨ ਲਈ ਸੁਚੇਤ ਕੀਤਾ ਹੈ।। ਡਾ. ਗੁਰਨਾਮ ਸਿੰਘ ਨੇ ਬਹੁਤ ਸੰਜਮੀ ਸ਼ੈਲੀ-ਰਾਹੀਂ ਆਪ ਜੀ ਦੀਆਂ ਪ੍ਰਾਪਤੀਆਂ ਨੂੰ ਉਲੇਖਿਆ ਹੈ। ਇਹ ਸਾਰਾ ਕੁਝ ਕ੍ਰਿਸ਼ਮੇ ਦੀ ਨਿਆਈਂ ਹੈ। ਤੁਹਾਡੀ ਘਾਲਣਾ, ਸਿਦਕਦਿਲੀ ਤੇ ਪ੍ਰਤੀਬੱਧਤਾ ਨੂੰ ਮੇਰੀਆਂ ਸ਼ੁਭ ਇੱਛਾਵਾਂ।

ਮਨਮੋਹਨ ਸਿੰਘ ਦਾਉਂ, ਮੁਖੀ, ਪੁਆਧੀ-ਪੰਜਾਬੀ ਸੱਥ ਮੁਹਾਲੀ, ਮੋ: 98151 23900

## ਕਰਉ ਬੇਨੰਤੀਆ

# ਪੜ੍ਹੋ ਤੇ ਅਮੀਰ ਬਣੋ

ਪਿਛਲੇ ਦਿਨੀਂ ਇੱਕ ਕਿਤਾਬ 'ਪੜ੍ਹੋ ਤੇ ਅਮੀਰ ਬਣੋ' (READ AND GET RICH)। ਇਸ ਪੁਸਤਕ ਦਾ ਲੇਖਕ ਹੈ- ਬਰਕ ਹੈੱਜ ਹੈ। ਇਸ ਨੇ ਕੁਝ ਹੋਰ ਪੁਸਤਕਾਂ ਵੀ ਲਿਖੀਆਂ ਹਨ--ਜਿਵੇਂ WHO STOLE AMERICAN DREAMS? ਇਸ ਪੁਸਤਕ ਵਿੱਚ ਲੇਖਕ ਕੇਵਲ 15 ਮਿੰਟ ਪੜ੍ਹਨ ਦੀ ਸਲਾਹ ਦਿੰਦਾ ਹੈ। ਉਸ ਨੇ ਸਾਬਤ ਕੀਤਾ ਹੈ ਕੇਵਲ 15 ਮਿੰਟ ਹਰ ਰੋਜ਼ ਚੰਗੀਆਂ ਪੁਸਤਕਾਂ ਪੜ੍ਹਨ ਨਾਲ ਕੋਈ ਵੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਅਮੀਰ ਹੋ ਸਕਦਾ ਹੈ। ਉਸ ਨੇ ਬਹੁਤ ਸਾਰੇ ਮਹਾਨ ਲੋਕਾਂ ਦੇ ਹਵਾਲੇ ਦਿੱਤੇ ਹਨ ਜਿਹੜੇ ਕੇਵਲ ਪੜ੍ਹਨ ਦੀ ਆਦਤ ਕਰਕੇ ਬਹੁਤ ਗਰੀਬੀ ਵਾਲੇ ਜੀਵਨ ਤੋਂ ਉੱਚੇ ਉੱਠ ਕੇ ਮਹਾਨ ਬਣੇ ਹਨ। ਇਸ ਦੇ ਨਾਲ ਨਾਲ ਉਸ ਨੇ ਮਹਾਨ ਲੇਖਕਾਂ ਦੀਆਂ ਪੁਸਤਕਾਂ ਬਾਰੇ ਟਿਪਣੀਆਂ ਵੀ ਦਿੱਤੀਆਂ। ਅਸੀਂ ਸਭ ਨੂੰ ਇਹ ਪੁਸਤਕ ਪੜ੍ਹਨ ਦਾ ਸੁਝਾਅ ਦਿੰਦੇ ਹਾਂ। --ਉਸਨੇ ਇਹ ਵੀ ਲਿਖਿਆ ਹੈ ਕਿ ਜਿਹੜਾ ਵਿਅਕਤੀ ਪੜ੍ਹਨਾ ਜਾਣਨ ਦੇ ਬਾਵਜੂਦ ਚੰਗੀਆਂ ਕਿਤਾਬਾਂ ਨਹੀਂ ਪੜ੍ਹਦਾ ਉਹ ਅਨਪੜ੍ਹ ਮਨੁੱਖ ਨਾਲੋਂ ਵੀ ਮਾੜਾ ਹੈ। ਕਿਵੇਂ ਇਹ ਸਾਰਾ ਕੁਝ ਤਾਂ ਪੁਸਤਕ ਪੜ੍ਹਨ ਤੋਂ ਬਾਅਦ ਹੀ ਪਤਾ ਲਗਦਾ ਹੈ। ਇਸ ਪੁਸਤਕ ਵਿੱਚ ਪੜ੍ਹਨ ਅਤੇ ਪੁਸਤਕਾਂ ਦੇ ਮਹਤਵ ਬਾਰੇ ਲੇਖਕਾਂ ਦੇ ਕਥਨ ਪੜ੍ਹਨ ਯੋਗ ਹਨ-

- The more you that read, the more things you will know.
  The more that you learn, the more places you will go. (Dr. Seuss)
- Some good books are usually responsible for the success of every really great man. (Roy L. Smith)
- A good book contains more real wealth than a good bank. (Roy L. Smith)
- Many times the reading of a book has made the future of a man. (Ralph Waldo Emerson)
- Every man who know how to read has it in his power to magnify himself, to multiply the ways in which he exist, to make his life full, significant, and interesting. (Aldous Huxley)
- Resolve to edge in a little reading everyday, if it is but a single sentence. If you gain 15 minutes a day, it will make itself felt at the end of the year. (Horace Mann)
- There is a great deal of difference between the eager man who wants to read a book and the tired man who wants a book to read. (G. K.Chesterton)

ਇਹ ਸਾਰੀ ਪੁਸਤਕ ਪੜ੍ਹਨ ਯੋਗ ਹੈ

# ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਪ੍ਰੋਗਰਾਮ ਦਾ ਸ਼ੁਭ ਆਰੰਭ

**ਡਾ. ਗੁਰਨਾਮ ਸਿੰਘ**

ਗਲੋਬਲ ਪੱਧਰ ਉਤੇ ਨਵੀਂ ਪਛਾਣ ਸਥਾਪਿਤ ਕਰਦਿਆਂ ਪੰਜਾਬੀ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਵਲੋਂ ਮਿਤੀ 6 ਅਪ੍ਰੈਲ, 2013 ਨੂੰ ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਦੀ ਵੈਬਸਾਈਟ **www.gurmatgyanonlinepup.com** ਦੀ ਲਾਂਚਿੰਗ ਕੀਤੀ ਗਈ। ਸਮਾਰੋਹ ਦਾ ਉਦਘਾਟਨ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਵਲੋਂ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਹੋਰ ਮੰਨੀਆਂ ਪ੍ਰਮੰਨੀਆਂ ਸ਼ਖਸੀਅਤਾਂ ਜਿਨ੍ਹਾਂ ਵਿਚ ਸ. ਤ੍ਰਿਲੋਚਨ ਸਿੰਘ, ਸਾਬਕਾ ਐਮ.ਪੀ. ਅਤੇ ਚੇਅਰਮੈਨ, ਘੱਟ ਗਿਣਤੀ ਕਮਿਸ਼ਨ, ਭਾਰਤ ਸਰਕਾਰ; ਸ. ਕਿਰਪਾਲ ਸਿੰਘ ਬੰਡੂਗਰ; ਡਾ. ਬਲਕਾਰ ਸਿੰਘ ਅਤੇ ਸ. ਅਮਰਿੰਦਰ ਸਿੰਘ ਬਜਾਜ, ਮੇਅਰ ਪਟਿਆਲਾ ਦੀ ਹਾਜ਼ਰੀ ਵਿਚ ਕੀਤਾ।

ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਦੇ ਅੰਤਰਗਤ **ਐਲੀਮੈਂਟਰੀ ਕੋਰਸ, ਫਾਊਂਡੇਸ਼ਨ ਕੋਰਸ, ਸਰਟੀਫਿਕੇਟ ਕੋਰਸ, ਅੰਡਰ ਗ੍ਰੈਜੂਏਟ ਡਿਪਲੋਮਾ ਅਤੇ ਪੋਸਟ ਗ੍ਰੈਜੂਏਟ ਡਿਪਲੋਮਾ** ਦੇ ਵੱਖ-ਵੱਖ ਕੋਰਸ ਆਰੰਭ ਕੀਤੇ ਗਏ ਹਨ। ਇਨ੍ਹਾਂ ਕੋਰਸਾਂ ਵਿਚ **ਗੁਰਮੁਖੀ, ਗੁਰਮਤਿ ਅਧਿਐਨ ਅਤੇ ਗੁਰਮਤਿ ਸੰਗੀਤ** ਦੀ ਅਧਿਐਨ ਤੇ ਸਿਖਲਾਈ ਕਰਵਾਈ ਜਾਵੇਗੀ। ਗੁਰਮਤਿ ਸੰਗੀਤ ਨੂੰ ਇਸ ਦੀ ਗਾਇਨ ਪਰੰਪਰਾ ਤੋਂ ਇਲਾਵਾ **ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਤਬਲਾ, ਪਖਾਵਜ** ਆਦਿ ਸਾਜ਼ਾਂ ਦੀ ਆਨ ਲਾਈਨ ਸਿਖਲਾਈ ਦਾ ਇਨ੍ਹਾਂ ਕੋਰਸਾਂ ਵਿਚ ਵਿਸ਼ੇਸ਼ ਪ੍ਰਬੰਧ ਹੈ। ਗੁਰਮਤਿ ਅਧਿਐਨ ਕੋਰਸਾਂ ਵਿਚ **ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਮਰਿਆਦਾ ਅਤੇ ਸਿੱਖ ਧਰਮ** ਬਾਰੇ ਸਰਬਾਂਗੀ ਜਾਣਕਾਰੀ ਦਿਤੀ ਜਾ ਰਹੀ ਹੈ। ਇਨ੍ਹਾਂ ਕੋਰਸਾਂ ਦੀ ਪਾਠ ਸਮੱਗਰੀ ਨੂੰ **ਟੈਕਸਟ, ਆਡੀਓ ਅਤੇ ਵੀਡੀਓਜ਼** ਦੇ ਰੂਪ ਵਿਚ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ **ਐਨੀਮੇਸ਼ਨ, ਫੋਟੋਗ੍ਰਾਫਸ ਅਤੇ ਗਰਾਫਿਕਸ** ਦੁਆਰਾ ਦਿਲਚਸਪ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਦੇ ਅਧੀਨ ਹੀ **ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ** ਦੀ ਸਾਰੀ ਦੁਨੀਆ ਦੇ ਲਈ **ਸ਼ਬਦ ਕੀਰਤਨ ਸੈਲਫ ਲਰਨਿੰਗ** ਵੀ ਸ਼ੁਰੂ ਕੀਤੀ ਗਈ ਹੈ ਜਿਸ ਵਿਚ ਆਨ

ਲਾਈਨ ਹੀ ਸ਼ਬਦ ਕੀਰਤਨ ਸਿਖਣ ਦੀ ਬੁਨਿਆਦੀ ਸੁਵਿਧਾ ਹੈ। ਇਸੇ ਤਰ੍ਹਾਂ ਹੀ ਗੁਰਮਤਿ ਗਿਆਨ ਐਲੀਮੈਂਟਰੀ ਕੋਰਸ ਸਾਰੇ ਵਿਸ਼ਵ ਭਾਈਚਾਰੇ ਲਈ **ਬਿਨਾਂ ਕਿਸੇ ਫੀਸ ਤੋਂ** ਕਰਵਾਇਆ ਜਾਵੇਗਾ ਤਾਂ ਜੋ ਗੁਰਮੁਖੀ, ਗੁਰਮਤਿ ਅਧਿਐਨ ਅਤੇ ਗੁਰਮਤਿ ਸੰਗੀਤ ਸਬੰਧੀ ਗਿਆਨ ਸਾਰੀ ਦੁਨੀਆ ਵਿਚ ਵੰਡਿਆ ਜਾ ਸਕੇ। ਸਫਲ ਸਿਖਿਆਰਥੀਆਂ ਨੂੰ **ਪੰਜਾਬੀ ਯੂਨੀਵਰਸਿਟੀ ਵਲੋਂ ਸਰਟੀਫਿਕੇਟ** ਵੀ ਪ੍ਰਦਾਨ ਕੀਤਾ ਜਾਵੇਗਾ।

ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਪ੍ਰੋਗਰਾਮ ਦੇ ਅੰਤਰਗਤ ਕੁਲ ਦੁਨੀਆ ਲਈ **ਗੁਰਮਤਿ ਸੰਗੀਤ ਆਨ ਲਾਈਨ ਲਾਇਬਰੇਰੀ** ਵੀ ਮੁਹੱਈਆ ਕਰਵਾਈ ਗਈ ਹੈ ਜਿਸ ਵਿੱਚ ਹਰ ਸਿਖਿਆਰਥੀ ਲਈ ਪੁਸਤਕਾਂ, ਖੋਜ ਪੱਤਰ, ਲੇਖ ਆਦਿ ਉਪਲਬੱਧ ਹੋਣਗੇ। ਇਸੇ ਤਰ੍ਹਾਂ ਹੀ ਪੰਜਾਬ ਦੀ ਸੰਗੀਤ ਪਰੰਪਰਾ ਨਾਲ ਸਬੰਧਤ ਇਕ **ਵੱਡਾ ਮਿਊਜ਼ਿਕ ਆਰਕਾਈਵਜ਼** ਵੀ ਵੈਬਸਾਈਟ ਦੇ ਰੂਪ ਵਿਚ ਇਨ੍ਹਾਂ ਸਿਖਿਆਰਥੀਆਂ ਦੀ ਸਹਾਇਤਾ ਕਰੇਗਾ ਜਿਸ ਵਿਚ 2100 ਘੰਟਿਆਂ ਤੋਂ ਵੱਧ ਦੀ ਰਿਕਾਰਡਿੰਗ ਪਹਿਲਾਂ ਹੀ ਅਪਲੋਡ ਕੀਤੀ ਜਾ ਚੁੱਕੀ ਹੈ।

<u>ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਸਬੰਧੀ ਕੁਝ ਨੁਕਤੇ</u>

**ਪ੍ਰਮਾਣਿਕ ਗਿਆਨ ਦੇਣ ਦਾ ਯਤਨ :** ਇੰਟਰਨੈਟ ਉਤੇ ਸਿੱਖ ਧਰਮ ਤੇ ਸਿੱਖ ਇਤਿਹਾਸ ਬਾਰੇ ਬਹੁਤ ਸਾਰੀ ਵਾਕਫੀਅਤ ਨਿਜੀ ਤੇ ਪ੍ਰਾਈਵੇਟ ਵਿਅਕਤੀਆਂ ਸੰਸਥਾਵਾਂ ਵਲੋਂ ਮੌਜੂਦ ਹੈ। ਇਨ੍ਹਾਂ ਦੀ ਪ੍ਰਮਾਣਿਕਤਾ ਸਬੰਧੀ ਸੰਦੇਹ ਬਣਿਆ ਰਹਿੰਦਾ ਹੈ।

ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ ਵਲੋਂ **ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਪ੍ਰੋਗਰਾਮ** ਨੂੰ ਪ੍ਰਵਾਨਗੀ ਦੇਣਾ ਇਕ ਇਤਿਹਾਸਕ ਕਾਰਜ ਸੀ ਜਿਸ ਦੁਆਰਾ ਪ੍ਰਮਾਣਿਕ ਗਿਆਨ ਦੇਣ ਦਾ ਯਤਨ ਕੀਤਾ ਗਿਆ ਹੈ ਜੋ ਆਮ ਪਾਠਕ ਲਈ ਵੀ ਲਾਹੇਵੰਦ ਹੋਵੇਗਾ। ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਪ੍ਰੋਗਰਾਮ ਵਿਚ ਗੁਰਮੁਖੀ, ਗੁਰਮਤਿ ਸਟੱਡੀਜ਼ ਅਤੇ ਗੁਰਮਤਿ ਸੰਗੀਤ ਦੇ ਅੰਤਰਗਤ ਆਮ ਸਿੱਖ ਭਾਈਚਾਰੇ ਦੇ ਧਾਰਮਿਕ ਜੀਵਨ ਦੇ ਸਮੂਹ ਵਿਸ਼ਿਆਂ ਨੂੰ ਛੋਹਣ ਦਾ ਯਤਨ ਕੀਤਾ ਗਿਆ ਹੈ। ਸਿੱਖ ਧਰਮ, ਗੁਰਦੁਆਰਾ, ਸਿੱਖ ਮਰਿਆਦਾ, ਬਾਣੀ ਦਾ ਸ਼ੁੱਧ ਉਚਾਰਣ, ਅਰਦਾਸ, ਹੁਕਮਨਾਮਾ ਆਦਿ ਗੁਰਮਤਿ ਤੇ ਗੁਰਦੁਆਰਾ ਮਰਿਆਦਾ ਸੁਖੈਨ ਰੂਪ ਵਿਚ ਸਮਝਾਈ ਗਈ। ਇਸ ਸਾਰੇ ਗਿਆਨ ਦਾ ਆਧਾਰ 'ਸਿੱਖ ਰਹਿਤ ਮਰਿਆਦਾ' ਅਤੇ ਪੰਜਾਬੀ ਯੂਨੀਵਰਸਿਟੀ ਦੀ 'ਸਿੱਖ ਐਨਸਾਈਕਲੋਪੀਡੀਆ' ਨੂੰ ਬਣਾਇਆ ਗਿਆ ਹੈ।

**ਆਮ ਲੋਕਾਂ ਦੇ ਲਾਭ ਲਈ ਗੁਰਮਤਿ ਗਿਆਨ ਐਲੀਮੈਂਟਰੀ ਕੋਰਸ :** ਗਲੋਬਲ ਪੱਧਰ ਤੇ ਇੰਟਰਨੈਟ ਦੇ ਪਸਾਰੇ ਦੇ ਬਾਵਜੂਦ ਆਮ ਵਿਅਕਤੀ ਅਜੇ ਵੀ ਇਸ ਵਰਤੋਂ ਦੂਰ ਹੈ। ਵਿਦੇਸ਼ਾਂ ਵਿਚ ਗੁਰਦੁਆਰਾ ਸੰਸਥਾ ਇਸ ਦੇ ਪਸਾਰ ਪਰਚਾਰ ਦਾ ਕੇਂਦਰ ਹੈ। ਗੁਰਮਤਿ ਗਿਆਨ ਅਕਾਦਮਿਕ ਪ੍ਰੋਗਰਾਮ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਲਈ ਉਲੀਕਿਆ ਗਿਆ ਹੈ। ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਕੰਪਿਊਟਰ ਦੀ ਵਰਤੋਂ ਬਾਣੀ ਦੇ ਸ਼ੁੱਧ ਰੂਪ ਨੂੰ ਸਮਝਣ ਅਤੇ ਬਾਣੀ ਦੇ ਅਰਥ ਜਾਣਨ ਲਈ ਕੀਤੀ ਜਾਂਦੀ ਹੈ। ਹਰ ਗੁਰੂ ਘਰ ਵਿਚ ਕੰਪਿਊਟਰ ਤੇ ਇੰਟਰਨੈਟ ਦੁਆਰਾ ਗੁਰਦੁਆਰਾ ਸਾਹਿਬਾਨ ਵਿਚ ਸਿੱਖੀ ਦੇ ਪ੍ਰਚਾਰ ਲਈ ਗੁਰਮਤਿ ਗਿਆਨ ਦਾ ਇਹ ਪ੍ਰੋਗਰਾਮ

ਬੁਨਿਆਦੀ ਅਤੇ ਸਿਲਸਿਲੇਵਾਰ ਉੱਚ ਪੱਧਰੀ ਗਿਆਨ ਦੇਣ ਵਿਚ ਸਹਾਈ ਹੋਵੇਗਾ। ਗੁਰਦੁਆਰਾ ਜੋ ਗਿਆਨ ਤੇ ਸੋਝੀ ਦੇਣ ਦਾ ਸਥਾਨ ਹੈ, ਸਹੀ ਮਾਅਨਿਆਂ ਵਿਚ ਇਹ ਤਕਨੀਕ ਆਮ ਲੋਕਾਂ ਲਈ ਵਿਸ਼ੇਸ਼ ਰੂਪ ਵਿਚ ਸਹਾਈ ਹੋਵੇਗੀ।

ਆਮ ਲੋਕ ਇਸ ਆਨ ਲਾਈਨ ਪ੍ਰੋਗਰਾਮ ਦੁਆਰਾ ਜਿਥੇ ਬਿਨਾਂ ਕਿਸੇ ਫੀਸ ਤੋਂ ਐਲੀਮੈਂਟਰੀ ਕੋਰਸ ਕਰ ਸਕਣਗੇ, ਉਥੇ ਬਿਨਾਂ ਕਿਸੇ ਫੀਸ ਤੋਂ ਉਹ ਆਪਣੇ ਆਪ ਸ਼ਬਦ ਕੀਰਤਨ ਦੀ ਸਵੈ ਸਿਖਲਾਈ (ਸ਼ਬਦ ਕੀਰਤਨ ਸੈਲਫ ਲਰਨਿੰਗ) ਵੀ ਕਰ ਸਕਣਗੇ।

**ਵਿਦੇਸ਼ੀ ਗੁਰਦੁਆਰਾ ਸੰਸਥਾਵਾਂ ਨੂੰ ਹੋਰ ਸਮਰਥ ਤੇ ਸ਼ਕਤੀਸ਼ਾਲੀ ਬਣਾਉਣ ਦਾ ਯਤਨ :** ਵਿਦੇਸ਼ੀ ਗੁਰਦੁਆਰਿਆਂ ਦੇ ਨਾਲ ਹਰ ਗੁਰੂ ਘਰ ਦੀ ਇਛਾ ਹੁੰਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਗੁਰਬਾਣੀ, ਗੁਰਮਤਿ ਤੇ ਸਿੱਖੀ ਵਿਰਾਸਤ ਨਾਲ ਇਸ ਲਈ ਖਾਲਸਾ ਤੇ ਗੁਰਮਤਿ ਸਕੂਲ ਵਿਸ਼ੇਸ਼ ਰੂਪ ਵਿਚ ਆਰੰਭ ਕੀਤੇ ਗਏ ਹਨ। ਮੰਤਵ ਇਹੋ ਹੈ ਕਿ ਉਹ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਆਪਣੀ ਜ਼ੁਬਾਨ, ਆਪਣੇ ਸਭਿਆਚਾਰ ਨਾਲ ਜੋੜ ਸਕਣ। ਇਨ੍ਹਾਂ ਸਕੂਲਾਂ ਵਿਚ ਅਧਿਆਪਨ ਕਰਵਾਉਣ ਵਾਲੇ ਵਲੰਟੀਅਰ ਬਹੁਤ ਸੇਵਾ ਕਰਦੇ ਹਨ ਪਰੰਤੂ ਉਨ੍ਹਾਂ ਕੋਲ ਵਿਸ਼ੇ ਦੀ ਵਿਸ਼ੇਸ਼ਗਤਾ ਨਹੀਂ ਹੁੰਦੀ ਅਤੇ ਨਾ ਹੀ ਸਲੇਬਸ ਨੂੰ ਪੂਰਨ ਰੂਪ ਵਿਚ ਸ਼ਰੇਣੀਵਾਰ ਕਰਕੇ ਇਮਤਿਹਾਨ ਦੀ ਕੋਈ ਪੱਕੀ ਪ੍ਰਕਿਆ ਹੈ। ਇਸ ਲਈ ਸਿਖਣ ਆਏ ਸਿਖਿਆਰਥੀਆਂ ਦੀ ਦਿਲਚਸਪੀ ਵਧਦੀ ਘਟਦੀ ਰਹਿੰਦੀ ਹੈ। ਯੂਨੀਵਰਸਿਟੀ ਦੀ ਫੈਕਲਟੀ ਆਫ ਆਰਟਸ ਐਂਡ ਕਲਚਰ ਵਲੋਂ ਵਿਸ਼ੇਸ਼ਗਾਂ ਲਈ ਕਾਫੀ ਮੁਸ਼ਕਤ ਤੋਂ ਬਾਅਦ ਇਹ ਸਲੇਬਸ ਤਿਆਰ ਕੀਤੇ ਗਏ ਹਨ ਜੋ ਬੁਨਿਆਦੀ ਸਿਖਿਆ ਤੋਂ ਲੈ ਕੇ ਪੋਸਟ ਗ੍ਰੈਜੂਏਟ ਪੱਧਰ ਤੱਕ ਹਨ। ਇਸ ਤਰ੍ਹਾਂ ਇਨ੍ਹਾਂ ਗੁਰਦੁਆਰਾ ਸੰਸਥਾਵਾਂ ਨਾਲ ਚਲ ਰਹੇ ਸਕੂਲਾਂ ਨੂੰ ਇਕ ਯੂਨੀਵਰਸਿਟੀ ਵਲੋਂ ਤਿਆਰ ਕੀਤਾ ਸਲੇਬਸ, ਸਮੁੱਚੀ ਪਾਠ ਸਮਗਰੀ (ਲੈਸਨ) ਸੰਪੂਰਣ ਰੂਪ ਵਿਚ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਨਾਲ ਹੀ ਇਨ੍ਹਾਂ ਵੱਖ-ਵੱਖ ਸੰਸਥਾਵਾਂ ਅਤੇ ਵਿਦਿਆਰਥੀਆਂ ਵਲੋਂ ਆਉਣ ਵਾਲੀਆਂ ਸਮਸਿਆਵਾਂ ਨੂੰ ਧਿਆਨ ਵਿਚ ਰਖਦਿਆਂ ਇਹ ਸਾਰੀ ਪਾਠ ਸਮਗਰੀ (ਲੈਸਨ) ਨਿਰੰਤਰ ਅਪਗ੍ਰੇਡ ਕੀਤੇ ਜਾਣਗੇ। ਵੀਡੀਓ ਕਾਨਫਰਸਿੰਗ ਦੇ ਜਰੀਏ ਵਿਦਿਆਰਥੀਆਂ ਤੇ ਆਮ ਲੋਕਾਂ ਲਈ ਵੱਖ-ਵੱਖ ਲੈਕਚਰ, ਸੰਗੀਤ ਪ੍ਰੋਗਰਾਮ, ਗੋਸ਼ਟੀਆਂ, ਵਿਚਾਰ ਚਰਚਾਵਾਂ ਦਾ ਸਿਲਸਿਲਾ ਵੀ ਸ਼ੁਰੂ ਕੀਤਾ ਜਾਵੇਗਾ। ਇਸ ਨਾਲ ਵਿਦੇਸ਼ੀ ਗੁਰਦੁਆਰਿਆਂ ਦੀ ਸਮਕਾਲੀ ਲੋੜ ਨੂੰ ਪੰਜਾਬੀ ਯੂਨੀਵਰਸਿਟੀ ਨੇ ਪੂਰਾ ਕਰਦਿਆਂ ਉਨ੍ਹਾਂ ਨੂੰ ਹੋਰ ਸਮਰਥ ਤੇ ਸ਼ਕਤੀਸ਼ਾਲੀ ਬਣਾਉਣ ਦਾ ਯਤਨ ਕੀਤਾ ਹੈ।

**ਵਿਦੇਸ਼ੀ ਗੁਰੂ ਘਰਾਂ ਲਈ ਵਿਦੇਸ਼ਾਂ ਵਿਚ ਹੀ ਪੜੇ ਲਿਖੇ ਪ੍ਰਚਾਰਕ ਅਤੇ ਕੀਰਤਨਕਾਰ ਤਿਆਰ ਕਰਨ ਦੀ ਲਹਿਰ ਦਾ ਆਰੰਭ :** ਪੰਜਾਬੀ ਯੂਨੀਵਰਸਿਟੀ ਦੀ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਦੁਆਰਾ ਉਚ ਪੱਧਰੀ ਸਿਖਿਆ ਯਾਫਤਾ ਕੀਰਤਨੀਏ ਤੇ ਪ੍ਰਚਾਰਕ ਤਿਆਰ ਕਰ ਰਹੀ ਹੈ। ਇਸ ਸਮੇਂ ਵਿਦੇਸ਼ਾਂ ਵਿਚ ਪ੍ਰਚਾਰਕਾਂ ਅਤੇ ਕੀਰਤਨਕਾਰਾਂ ਦੀ ਨਿਰੰਤਰ ਘਾਟ ਮਹਿਸੂਸ ਹੋ ਰਹੀ ਹੈ। ਪਰਵਾਸੀ ਪੰਜਾਬੀਆਂ ਦੀ ਆਉਣ ਵਾਲੀ ਪੀੜੀ ਵੀ ਇਨ੍ਹਾਂ ਪ੍ਰਚਾਰਕਾਂ ਦੀ ਠੇਠ ਪੰਜਾਬੀ ਮੁਹਾਵਰੇ ਵਿਚ ਕੀਤੇ ਗਏ ਪ੍ਰਚਾਰ ਨੂੰ ਸਮਝਣ ਸਮਝਾਉਣ ਵਿਵਚ ਦਿਕੱਤ ਮਹਿਸੂਸ ਕਰ ਰਹੀ ਹੈ। ਬਾਹਰਲੇ ਜੰਮਪਲ ਸਿੱਖ ਬੱਚੇ ਹੁਣ

ਗੁਰਦੁਆਰਿਆਂ ਵਿਚ ਸਿੱਖ ਯੂਥ ਦਰਬਾਰ ਕਰਵਾਉਣ ਲਗ ਪਏ ਹਨ। ਇਸ ਲਈ ਇਨ੍ਹਾਂ ਗੁਰਦੁਆਰਿਆਂ ਲਈ ਹੁਣ ਅੰਗਰੇਜ਼ੀ ਭਾਸ਼ਾ ਦੇ ਗਿਆਤਾ ਪ੍ਰਚਾਰਕਾਂ ਦੀ ਲੋੜ ਹੈ ਜੋ ਵਿਦੇਸ਼ਾਂ ਵਿਚੋਂ ਹੀ ਤਿਆਰ ਹੋ ਕੇ ਉਥੇ ਹੀ ਸੇਵਾ ਕਰ ਸਕਣ। ਇਸ ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਦੁਆਰਾ ਇਹ ਘਾਟ ਪੂਰੀ ਕੀਤੀ ਜਾਵੇਗੀ ਅਤੇ ਨਾਲ ਹੀ ਵਿਦੇਸ਼ੀ ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਯੂਨੀਵਰਸਿਟੀ ਪੱਧਰ ਦਾ ਸਾਰਾ ਗਿਆਨ ਮੁਹੱਈਆ ਕਰਵਾਇਆ ਜਾਵੇਗਾ।

ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਪ੍ਰੋਗਰਾਮ ਸਾਡੇ ਪਰੰਪਰਾਗਤ ਗੁਰਮਤਿ ਗਿਆਨ ਅਤੇ ਨਵੀਂ ਪੀੜ੍ਹੀ ਵਿਚਕਾਰ ਇਕ ਪੁੱਲ ਜਾਂ ਮਾਧਿਅਮ ਦਾ ਕੰਮ ਕਰੇਗਾ।

**ਗੈਰ ਪੰਜਾਬੀ ਵਿਦੇਸ਼ੀਆਂ ਲਈ ਵਿਸ਼ੇਸ਼ ਪ੍ਰੋਗਰਾਮ :** ਸਿੱਖ ਭਾਈਚਾਰੇ ਤੋਂ ਬਿਨਾਂ ਗੈਰ ਸਿੱਖ ਅਤੇ ਹੋਰ ਨਾਨਕ ਨਾਮ ਲੇਵਾ ਭਾਈਚਾਰਿਆਂ ਲਈ ਵੀ ਇਹ ਆਨ ਲਾਈਨ ਪ੍ਰੋਗਰਾਮ ਇਕ ਸਾਰਥਕ ਯਤਨ ਹੋਵੇਗਾ ਕਿਉਂ ਜੋ ਇਹ ਲੋਕ ਵੀ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਆਪੋ ਆਪਣੀ ਸੁਵਿਧਾ ਅਨੁਸਾਰ ਗ੍ਰਹਿਣ ਕਰਨ ਦੇ ਯੋਗ ਹੋ ਜਾਣਗੇ। ਇਥੇ ਇਹ ਸਪਸ਼ਟ ਕਰਨਾ ਉਚਿਤ ਹੋਵੇਗਾ ਕਿ ਅਜੇ ਤੱਕ ਵਿਸ਼ਵ ਦੀ ਕੋਈ ਹੋਰ ਸੰਸਥਾ ਅਜਿਹੇ ਕੋਰਸ ਆਰੰਭ ਕਰਨ ਦੇ ਸਮਰਥ ਨਹੀਂ ਹੋ ਸਕੀ। ਪੰਜਾਬੀ ਯੂਨੀਵਰਸਿਟੀ ਵਲੋਂ ਕੀਤਾ ਗਿਆ ਕੰਮ ਜਿਥੇ ਮਿਆਰੀ ਹੋਵੇਗਾ, ਉਥੇ ਇਸ ਯੂਨੀਵਰਸਿਟੀ ਅਤੇ ਇਸ ਦੇ ਸੰਚਾਲਕਾਂ ਲਈ ਇਸ ਵੈਬਸਾਈਟ ਨੂੰ ਸਰਬ ਸਾਂਝੇ ਗਿਆਨ ਦਾ ਸਰੋਤ ਬਣਾਉਣਾ ਕਿ ਚਣੌਤੀ ਵੀ ਹੈ। ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਅਤੇ ਡਾ. ਗੁਰਨਾਮ ਸਿੰਘ, ਫਾਊਂਡਰ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਦੀ ਅਗਵਾਈ ਵਿਚ ਇਹ ਟੀਮ ਇਹ ਕਾਰਜ ਕਰਨ ਦੇ ਸਮਰਥ ਹੈ ਕਿਉਂ ਕਿ ਪੰਜਾਬੀ ਯੂਨੀਵਰਸਿਟੀ ਕੋਲ ਗੁਰਮੁਖੀ, ਗੁਰਮਤਿ ਅਧਿਐਨ ਅਤੇ ਗੁਰਮਤਿ ਸੰਗੀਤ ਦੀ ਇਕ ਵੱਡੀ ਵਿਦਵਾਨਾਂ ਦੀ ਫੈਕਲਟੀ ਮੌਜੂਦ ਹੈ।

ਪੰਜਾਬੀ ਮੂਲ ਤੋਂ ਬਿਨਾਂ ਹੁਣ ਵਿਦੇਸ਼ੀ ਵਿਦਿਆਰਥੀ ਵੀ ਸਿੱਖ ਧਰਮ ਦੇ ਅਧਿਅਨ, ਅਧਿਆਪਨ ਵੱਲ ਰੂਚਿਤ ਹੋ ਰਹੇ ਹਨ। ਵਿਦੇਸ਼ਾਂ ਵਿਚ ਸਥਾਪਤ ਸਿੱਖ ਚੇਅਰਜ਼ ਕੋਲ ਵੀ ਨਾ ਤਾਂ ਇੰਨੇ ਜਿਆਦਾ ਫੰਡ ਹੁੰਦੇ ਹਨ ਅਤੇ ਨਾ ਹੀ ਇੰਨੀ ਵਿਅਕਤੀ ਸਮਰੱਥਾ। ਪੰਜਾਬੀ ਯੂਨੀਵਰਸਿਟੀ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਬੁਨਿਆਦੀ ਗਿਆਨ ਤੋਂ ਲੈ ਕੇ ਉਚੇਰੀ ਸਿਖਿਆ ਤੱਕ ਦਾ ਇਹ ਪ੍ਰੋਗਰਾਮ ਪੇਸ਼ ਕੀਤਾ ਹੈ। ਆਉਣ ਵਾਲੇ ਸਮੇਂ ਇਸ ਪ੍ਰੋਗਰਾਮ ਦੁਆਰਾ ਪੀ-ਐਚ.ਡੀ. ਪੱਧਰ ਤੱਕ ਦੀ ਉਚੇਰੀ ਖੋਜ ਵੀ ਕਰਵਾਈ ਜਾ ਸਕੇਗੀ। ਇਸ ਪ੍ਰੋਗਰਾਮ ਨਾਲ ਵਿਦੇਸ਼ਾਂ ਵਿਚ ਕਾਰਜ ਕਰ ਰਹੀਆਂ ਸਿੱਖ ਚੇਅਰਜ਼ ਨਾਲ ਐਮ.ਓ.ਯੂ. ਸਾਈਨ ਕਰਕੇ ਉਨ੍ਹਾਂ ਚੇਅਰਜ਼ ਨੂੰ ਇਕ ਪ੍ਰਮਾਣਿਕ ਅਕਾਦਮਿਕ ਪ੍ਰੋਗਰਾਮ ਦਿੱਤਾ ਜਾਵੇਗਾ ਤਾਂ ਜੋ ਉਨ੍ਹਾਂ ਚੇਅਰਜ਼ ਦੀ ਸਥਾਪਨਾ ਸਾਰਥਕ ਹੋ ਸਕੇ ਅਤੇ ਉਹ ਪ੍ਰਵਾਸੀ ਕਮਿਊਨਿਟੀ ਨਾਲ ਪੂਰਨ ਰੂਪ ਵਿਚ ਜੁੜ ਕੇ ਆਪਣੀ ਉਚਿਤਤਾ ਨੂੰ ਸਫਲ ਬਣਾ ਸਕਣ।

ਵਿਦੇਸ਼ਾਂ ਵਿਚ ਅਗਲੀ ਪੀੜੀ ਨੂੰ ਗੁਰਦੁਆਰਾ ਸੰਸਥਾ ਨਾਲ ਜੁੜੇ ਪ੍ਰਚਾਰਕਾਂ ਦੀ ਭਾਸ਼ਾ ਤੇ ਮੁਹਾਵਰੇ ਨੂੰ ਨਹੀਂ ਸਮਝ ਰਹੀ, ਉਨ੍ਹਾਂ ਲਈ ਵੀ ਇਹ ਪ੍ਰੋਗਰਾਮ ਲਾਹੇਵੰਦ ਹੈ ਅਤੇ ਗੁਰਦੁਆਰਾ ਦੀ ਇਸ ਸਬੰਧ ਵਿਚ ਬੁਨਿਆਦੀ ਲੋੜ ਨੂੰ ਨਵੀਨ ਸੰਦਰਭ ਵਿਚ ਪੂਰਿਆਂ ਕਰਦਾ ਹੈ।

**ਵਿਦੇਸ਼ੀ ਬੱਚਿਆਂ ਦੀ ਪੜਾਈ ਵਿਚ ਵੀ ਇਨ੍ਹਾਂ ਕੋਰਸਾਂ ਦੇ ਕਰੈਡਿਟ ਮਿਲਣਗੇ :** ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਦੇ ਸਾਰੇ ਕੋਰਸ ਵਿਦੇਸ਼ੀ ਅਧਿਆਪਨ ਵਿਧੀ ਨੂੰ ਸਾਹਮਣੇ ਰੱਖ ਕੇ ਸਮੈਸਟਰ ਪ੍ਰਣਾਲੀ ਅਤੇ ਵਿਸ਼ੇਸ਼ ਕਰਕੇ ਕਰੈਡਿਟ ਪ੍ਰਣਾਲੀ ਅਨੁਸਾਰ ਹਨ। ਜਿਸ ਕਰਕੇ ਵਿਦੇਸ਼ਾਂ ਵਿਚ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਇਨ੍ਹਾਂ ਕੋਰਸਾਂ ਦੇ ਕਰੈਡਿਟ ਵੀ ਮਿਲ ਸਕਦੇ ਹਨ। ਇਸ ਲਈ ਵਿਦੇਸ਼ਾਂ ਵਿਚ ਵਸ ਰਹੇ ਭਾਈਚਾਰੇ ਨੂੰ ਉਥੇ ਦੀਆਂ ਯੂਨੀਵਰਸਿਟੀਆਂ ਅਤੇ ਸਿਖਿਆ ਪ੍ਰਬੰਧ ਨਾਲ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਆਪਣੇ ਵਿਰਾਸਤ ਨਾਲ ਜੁੜਦਿਆਂ-ਜੁੜਦਿਆਂ ਉਥੋਂ ਦੇ ਵਿਦਿਆਰਥੀਆਂ ਦੀ ਪੜਾਈ ਵਿਚ ਇਨ੍ਹਾਂ ਕਰੈਡਿਟਾਂ ਦਾ ਲਾਭ ਵੀ ਮਿਲ ਸਕੇ।

ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਪ੍ਰੋਗਰਾਮ ਨਾਲ ਸਬੰਧਤ ਉਪਰੋਕਤ ਨੁਕਤਿਆਂ ਤੋਂ ਸਪਸ਼ਟ ਹੈ ਕਿ ਪੰਜਾਬੀ ਯੂਨੀਵਰਸਿਟੀ ਦੀ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਵਲੋਂ ਇਸ ਪ੍ਰੋਗਰਾਮ ਰਾਹੀਂ ਵਿਦੇਸ਼ੀ ਵਿਦਿਆਰਥੀਆਂ ਨੂੰ ਸਾਹਿਤ, ਸਭਿਆਚਾਰ, ਕਲਾ ਨਾਲ ਜੋੜਨ ਦਾ ਇਕ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ। ਸਿਖਿਆਰਥੀਆਂ ਦੀ ਸੁਵਿਧਾ ਦੇ ਲਈ ਅੰਗਰੇਜ਼ੀ, ਪੰਜਾਬੀ, ਹਿੰਦੀ ਵਿਚ '**ਗੁਰਮਤਿ ਸੰਗੀਤ ਟਰਮੀਨਾਲੋਜੀ**' ਨਾਮਕ ਪੁਸਤਕ ਦੁਆਰਾ ਇਸ ਵਿਸ਼ੇ ਨਾਲ ਸਬੰਧਤ ਸਾਰੀ ਤਕਨੀਕੀ ਸ਼ਬਦਾਵਲੀ ਨੂੰ ਵੀ ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਦੀ ਵੈਬਸਾਈਟ ਉਤੇ ਪ੍ਰਦਰਸ਼ਿਤ ਕੀਤਾ ਗਿਆ ਹੈ।

ਪੰਜਾਬੀ ਯੂਨੀਵਰਸਿਟੀ ਵਲੋਂ ਇਨ੍ਹਾਂ ਕੋਰਸਾਂ ਦੇ ਵਿਸ਼ਵ ਪੱਧਰ ਤੇ ਸੰਚਾਲਨ ਲਈ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਪ੍ਰਤਿਨਿਧ ਸੰਸਥਾਵਾਂ ਨਾਲ ਮਿਲਕੇ **ਗੁਰਮਤਿ ਗਿਆਨ ਸਟੱਡੀ ਸੈਂਟਰ** ਸਥਾਪਿਤ ਕੀਤੇ ਜਾ ਰਹੇ ਹਨ ਜਿਹੜੇ ਇਸ ਆਨ ਲਾਈਨ ਅਕਾਦਮਿਕ ਪ੍ਰੋਗਰਾਮ ਨੂੰ ਆਪੋ ਆਪਣੇ ਸਥਾਨਾਂ ਤੇ ਕਾਰਜਸ਼ੀਲ ਕਰਨਗੇ। ਇਨ੍ਹਾਂ ਸਾਰੇ ਕੋਰਸਿਜ਼ ਲਈ **ਆਨ ਲਾਈਨ ਦਾਖਲਾ ਹੋਵੇਗਾ ਅਤੇ ਵੀਡੀਓ ਕਾਨਫਰਸਿੰਗ** ਦੇ ਜ਼ਰੀਏ ਪਰੀਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਥੇ ਵਰਨਣਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਵਿਚ ਆਨ ਲਾਈਨ ਟੀਚਿੰਗ ਦਾ ਇਹ ਪਹਿਲਾ ਸੰਪੂਰਨ ਅਕਾਦਮਿਕ ਪ੍ਰੋਗਰਾਮ ਹੈ ਜਿਸ ਨੂੰ ਸਫਲਤਾ ਨਾਲ ਲਾਂਚ ਕਰਨ ਵਿਚ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਨੇ ਮੋਹਰੀ ਭੂਮਿਕਾ ਨਿਭਾਈ ਹੈ।

ਪੂਰਨ ਰੂਪ ਵਿਚ ਸਿੱਖ ਸੰਗੀਤ ਪਰੰਪਰਾ ਨੂੰ ਸਮਰਪਿਤ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਵਲੋਂ ਪੰਜਾਬੀ ਯੂਨੀਵਰਸਿਟੀ ਕੈਂਪਸ ਅਤੇ ਡਿਸਟੈਂਸ ਐਜੂਕੇਸ਼ਨ ਦੁਆਰਾ ਪਹਿਲਾਂ ਹੀ ਅੰਡਰ ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਕੋਰਸ ਕਰਵਾਏ ਜਾ ਰਹੇ ਹਨ ਅਤੇ 26 ਵਿਦਿਆਰਥੀ ਇਸ ਵਿਸ਼ੇ ਵਿਚ ਪੀ-ਐਚ.ਡੀ. ਦੀ ਉਚੇਰੀ ਖੋਜ ਕਰ ਰਹੇ ਹਨ। **ਸ੍ਰੀ ਹਰਿਮੰਦਰ ਸਾਹਿਬ ਅਤੇ ਵਿਸ਼ਵ ਭਰ ਵਿਚ ਤੰਤੀ ਸਾਜ਼ਾਂ ਦੀ ਪੁਨਰ ਸੁਰਜੀਤੀ** ਲਈ ਇਸ ਵਿਭਾਗ ਦਾ ਇਤਿਹਾਸਕ ਯੋਗਦਾਨ ਹੈ ਅਤੇ ਭਾਈ ਮਰਦਾਨਾ ਦੀ **ਰਬਾਬ ਫਿਰੰਦੀਆ** ਨੂੰ ਖੋਜ ਕਰਕੇ ਉਸ ਦੇ ਮੂਲ ਰੂਪ ਵਿਚ ਮੁੜ ਪ੍ਰਚਾਰਨ ਵਿਚ ਵੀ ਇਹ ਵਿਭਾਗ ਮੋਹਰੀ ਹੈ।

ਫਾਊਂਡਰ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪਿਛਲੇ ਅੰਕ ਦੀ ਬਾਕੀ

# ਜੀਵਨ ਵਿਚ ਸੰਗੀਤ ਦਾ ਮਹੱਤਵ

ਪ੍ਰੋ. ਕਿਰਪਾਲ ਸਿੰਘ ਬਡੂੰਗਰ

ਮੋਬਾ : 99158 05100

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਨ ਅਤੇ ਪਿਰ (ਜੀਵ ਇਸਤਰੀ ਅਤੇ ਪਤੀ ਪਰਮਾਤਮਾ) ਤਥਾ ਕਾਇਆ ਅਤੇ ਉਸ ਅੰਦਰ ਪ੍ਰਜਵਲਿਤ ਜੋਤਿ ਅਤੇ ਅਨਹਦ (ਧੁਨੀ) ਦੇ ਸੁਮੇਲ ਨੂੰ ਸੰਸਾਰ ਦੇ ਸਾਹਮਣੇ ਪੂਰਨ ਰੂਪ ਵਿਚ ਪ੍ਰਗਟ ਕਰਨ ਹਿੱਤ ਅਨਹਦ ਨਾਦ ਅਤੇ ਅਨਹਤ ਬਾਣੀ ਦਾ ਅਨੋਖਾ, ਅਦੁੱਤੀ ਅਤੇ ਨਿਵੇਕਲਾ ਸਿਧਾਂਤ ਬਖਸ਼ਿਆ ਅਤੇ ਭਾਈ ਮਰਦਾਨਾ ਜੀ ਨੂੰ ਰਬਾਬ ਸੌਂਪ ਕੇ ਸੰਗੀਤ ਵਜਾਉਣ ਲਈ ਪ੍ਰੇਰਿਆ ਅਤੇ ਆਪ, "ਹਉ ਆਪਹੁ ਬੋਲਿ ਨਾ ਜਾਣਦਾ ਮੈਂ ਕਹਿਆ ਸਭੁ ਹੁਕਮਾਉ ਜੀਉ॥" ਅਨੁਸਾਰ ਦਿੱਤਾ ਕਿ ਭਾਈ ਜੀ (ਮਰਦਾਨਾ ਜੀ) ਰਬਾਬ ਵਜਾਓ "ਧੁਰ ਕੀ ਬਾਣੀ" ਆਈ ਹੈ। ਮਗਰੋਂ ਜਾ ਕੇ ਹੌਲੀ-ਹੌਲੀ ਤਾਰ ਦੁਆਰਾ ਸੰਗੀਤ ਪੈਦਾ ਕਰਨ ਵਾਲੇ ਕਈ ਹੋਰ ਤੰਤੀ ਸਾਜ ਵੀ ਸ਼ਾਮਲ ਕਰ ਲਏ ਗਏ। ਆਮ ਤੌਰ ਉੱਤੇ ਰਬਾਬ ਦੇ ਚਾਰ ਤਾਰਾਂ ਹੀ ਜੜੀਆਂ ਹੁੰਦੀਆਂ ਹਨ ਪਰੰਤੂ ਭਾਈ ਮਰਦਾਨਾ ਜੀ ਦੀ ਰਬਾਰ ਨਾਲ ਛੇ ਤਾਰਾਂ ਜੜੀਆਂ ਹੋਈਆਂ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਰੰਦਾ ਇਜ਼ਾਦ ਕਰ ਕੇ ਗੁਰਬਾਣੀ ਸੰਗੀਤ ਵਿਚ ਮਿਲਦਾ ਹੈ, "ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ।" ਤਥਾ "ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ।" ਗੁਰਬਾਣੀ ਅੰਦਰ ਵੰਸੁ, ਮੁਰਲੀ, ਬੰਸਰੀ, ਸਿੰਙੀ, ਕਿੰਗੁਰੀ, ਕਿੰਕਨੀ ਅਤੇ ਇਕ ਵਾਰ ਸ਼ਹਿਨਾਈ ਦਾ ਜ਼ਿਕਰ ਮਿਲਦਾ ਹੈ। ਇਸ ਤਰ੍ਹਾਂ ਦਮਾਮਾ, ਮਾਂਦਲ, ਡੰਕ, ਘੁੰਗਰੂ, ਨੀਸਾਣ ਜਾਂ ਟਮਕ ਆਦਿ ਸਾਜਾਂ ਦਾ ਵਰਣਨ ਵੀ ਗੁਰਬਾਣੀ ਵਿਚ ਮਿਲਦਾ ਹੈ। ਇਹ ਸਾਰੇ ਹੀ ਵੱਖ-ਵੱਖ ਸੰਗੀਤਕ ਧੁਨੀਆਂ ਮੁਹੱਈਆ ਕਰਾਉਣ ਦੇ ਸਮਰੱਥ ਹਨ। ਮਗਰੋਂ ਹੌਲੀ ਹੌਲੀ ਤੰਤੀ ਸਾਜ਼ਾਂ ਦੇ ਨਾਲ ਨਾਲ ਰੇਡੀਉ ਦੇ ਆਗਮਨ ਨਾਲ 1942 ਈ: ਵਿਚ ਤਬਲਾ ਅਤੇ ਹਰਮੋਨੀਅਮ ਆਦਿ ਸ਼ਾਮਲ ਕਰ ਲਏ ਗਏ। ਇਸ ਤਰ੍ਹਾਂ ਕਰਨ ਨਾਲ ਗੁਰਬਾਣੀ ਸੰਗੀਤ ਦੇ ਅਸਲ ਤੱਤ ਤੇ ਤੱਥ ਨੂੰ ਭਾਰੀ ਨੁਕਸਾਨ ਹੋਇਆ ਅਤੇ ਕੀਰਤਨ ਸਮੇਂ ਸ਼ੁੱਧ ਰਾਗਾਂ, ਸੁਰ-ਤਾਲ-ਲੈਅ ਤੋਂ ਸੱਖਣਾ ਫਿਲਮੀ ਤਰਜਾਂ ਉੱਤੇ ਗੁਰਬਾਣੀ ਦਾ ਕੀਰਤਨ ਕੀਤਾ ਜਾਣ ਲੱਗਾ ਹੈ। ਇਸ ਲਈ ਸਾਡੀ ਮਹਾਨ ਗੁਰਬਾਣੀ ਸੰਗੀਤ ਪਰੰਪਰਾ ਨੂੰ ਭਾਈ ਨੁਕਸਾਨ ਹੋਇਆ ਹੈ। ਅੱਜ ਲੋੜ ਹੈ ਕਿ ਅਸੀਂ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਮਹਾਨ ਸੰਗੀਤਕ ਵਿਰਸੇ ਨੂੰ ਪੁਰਨਰ ਸੁਰਜੀਤ ਕਰੀਏ। ਆਪਣੇ ਮਹਾਨ ਵਿਰਸੇ ਅਤੇ ਸ੍ਰੋਤ ਨਾਲੋਂ ਟੁੱਟਿਆ ਹੋਇਆ ਮਨੁੱਖ ਜਾਂ ਕੋਈ ਹੋਰ ਵਸਤੂ ਕੁਝ ਜ਼ਿਆਦਾ ਦੇਰ ਸਥਿਰ ਨਹੀਂ ਰਹਿ ਸਕਦੀ। ਗੁਰਬਾਣੀ ਸੰਗੀਤ ਤਾਂ ਨਿਸ਼ਚੇ ਹੀ ਮਨੁੱਖੀ ਆਤਮਾ ਅੰਦਰ ਉਗਮਦੀ ਇਕ ਅਰਸ਼ੀ ਦਾਤ ਹੈ। ਇਹ ਬੇਅੰਤ, ਅਨੰਦ, ਅਗਮੀ, ਅਰਸ਼ੀ ਧੁਨੀ ਸੰਗੀਤਕ ਰੂਪ ਵਿਚ ਅਤੀ ਸੰਵੇਦਨਸ਼ੀਲ ਅਤੇ ਸੂਖਮ ਰੂਪ ਵਿਚ ਪਰਮਤਾਮਾ ਦੀ ਹੋਂਦ-ਹਸਤੀ ਦਾ ਅਗੰਮੀ ਅਹਿਸਾਸ ਹੈ। ਇਸੇ ਪਰੰਪਰਾ ਅਨੁਸਾਰ 6 ਗੁਰੂ ਸਾਹਿਬਾਨ, 15 ਭਗਤਾਂ ਅਤੇ 11 ਭੱਟਾਂ ਅਤੇ ਹੋਰ ਗੁਰਸਿੱਖਾਂ ਦੀ

ਸੰਗੀਤਬੱਧ ਬਾਣੀ ਨੂੰ ਥਾਂ ਇਕੱਤਰ ਕਰ ਕੇ ਸੰਗੀਤਕ ਵਿਧੀਵਤ ਤਰੀਕੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਅਤੇ ਸੰਪੂਰਨਤਾ ਕੀਤੀ ਗਈ ਜਿਸ ਵਿਚ 31 ਰਾਗਾਂ ਵਿਚ ਗੁਰਬਾਣੀ ਵਿਚ "ਸਿਰੀਰਾਗੁ" ਨੂੰ ਪ੍ਰਥਮ ਅਤੇ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਪੰਨਿਆਂ 'ਤੇ "ਰਾਗ ਮਾਲਾ" ਦੇ ਸਿਰਲੇਖ ਹੇਠ ਰਾਗਾਂ ਦੀ ਤਰਤੀਬ ਹੀ ਨਹੀਂ ਸਗੋਂ ਉਹਨਾਂ ਦੀਆਂ ਹੋਰ ਸ਼ਾਖਾਵਾਂ ਬਾਰੇ ਵੀ ਭਰਪੂਰ ਜਾਣਕਾਰੀ ਦਰਜ ਕੀਤੀ ਗਈ ਹੈ ਪਰੰਤੂ ਅਗੰਮੀ ਅਤੇ ਕੁਦਰਤੀ ਧੁਨੀ ਦੀ ਵਿਸ਼ਾਲਤਾ ਅਤੇ ਬੇਅੰਤਤਾ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ "ਜਪੁਜੀ ਸਾਹਿਬ" ਦੀ ਬਾਣੀ ਵਿਚ "ਸੋ ਦਰੁ" ਵਾਲੀ ਪਉੜੀ ਵਿਚ "ਵਾਜੇ ਤੇਰੇ ਨਾਦ ਅਨੇਕ ਅਸੰਖਾ... ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈਂ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ।" ਦੀ ਗੱਲ ਕਹੀ ਹੈ ਭਾਵ ਸਰਬਵਿਆਪਕ ਅਤੇ ਸਦੀਵਕਾਲੀ ਧੁਨੀ ਤੋਂ ਪੈਦਾ ਹੋਏ ਅਨਹਦ ਦੀਆਂ ਅਨੰਤ ਅਤੇ ਅਣਗਿਣਤ ਧੁਨੀਆਂ ਹਨ। ਰਾਗ ਮਾਲਾ ਦੀ ਅੰਤਲੀ ਤੁਕ ਵਿਚ ਫੁਰਮਾਇਆ ਹੈ:

ਖਸਟ ਰਾਗ ਉਨਿ ਗਾਇ ਸੰਗਿ ਰਾਗਨੀ ਤੀਸ॥
ਸਭੇ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ॥ (ਪੰਨਾ 1430)

ਇਸ ਦੇ ਨਾਲ ਹੀ ਸਤਿਗੁਰਾਂ ਨੇ ਵੱਖ-ਵੱਖ ਰਾਗਾਂ ਦੇ ਮਨੁੱਖੀ ਮਨ ਉੱਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵੀ ਗੁਰਬਾਣੀ ਅੰਦਰ ਭਰਪੂਰ ਜਾਣਕਾਰੀ ਦਿੱਤੀ ਹੈ।ਜਿਵੇਂ, "ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥" ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥
ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ॥
ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ॥

ਪੰਥ ਦੇ ਪ੍ਰਸਿੱਧ ਸਤਿਗੁਰਾਂ ਦੇ ਅਨਿਨਸਿੱਖ ਭਾਈ ਗੁਰਦਾਸ ਜੀ ਦੀ "ਸਿਰੀਰਾਗੁ" ਬਾਰੇ "ਰਾਗਨ ਮੇ ਸਿਰੀ ਰਾਗ ਪਾਰਸ ਪਖਾਨ ਹੈ" ਇਉਂ ਸਮਝਾਉਂਦੇ ਹਨਅਤੇ "ਰਾਗ ਮਾਲਾ" ਵਿਚ ਇਉਂ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ ਹੈ:

ਸਭ ਮਿਲਿ ਸਿਰੀਰਾਗੁ ਵੈ ਗਾਵਹਿ॥ ਪਾਂਚਉ ਸੰਗਿ ਸਰੰਗਨ ਲਾਵਹਿ॥
ਬੈਰਾਰੀ ਕਰਨਾਟੀ ਧਰੀ॥ ਗਵਰੀ ਗਾਵਹਿ ਅਸਾਵਰੀ॥
ਤਿਹ ਪਾਛੈ ਸਿੰਧਵੀ ਅਲਾਪੀ॥ ਸਿਰੀਰਾਗ ਸਿਉ ਪਾਂਚਉ ਥਾਪੀ॥
ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ॥
ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ॥ (ਪੰਨਾ 1430)

ਸ੍ਰੀ ਗੁਰੂ ਅਮਰਦਾਸ ਜੀ ਬਿਲਾਵਲੁ ਰਾਗੁ ਦੀ ਮਹੱਤਤਾ ਬਾਰੇ ਮਨੁੱਖਤਾ ਨੂੰ ਸਮਝਾਉਂਦੇ ਹੋਏ ਫੁਰਮਾਉਂਦੇ ਹਨ:

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨੁ ॥
ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥
ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੁਕੈ ਮਨਿ ਅਭਿਮਾਨੁ ॥ (ਪੰਨਾ 949)

ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ "ਬਿਲਾਵਲੁ" ਰਾਗ ਬਾਰੇ ਇਉਂ ਫੁਰਮਾਉਂਦੇ ਹਨ:

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭ ਤਨੁ ਮਨ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥
ਅਗਿਆਨੁ ਅੰਧਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
ਜਨੁ ਨਾਨਕ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥ (ਪੰਨਾ 949)

ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਰਾਗ ਵਡਹੰਸ ਵਿਚ ਬਾਣੀ ਗਾਇਨ ਕਰਦੇ ਹੋਏ ਇਉਂ ਫੁਰਮਾਉਂਦੇ ਹਨ:

ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥
ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਇ ॥
ਨਾਨਕ ਹਉ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥ (ਪੰਨਾਂ 585)

ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਬਸੰਤ ਰਾਗ ਰਾਹੀਂ ਪ੍ਰਭ ਜੱਸ ਗਾਇਨ ਕਰਦਿਆਂ ਜਿੱਥੇ ਬਸੰਤ ਰੁੱਤ ਦੇ ਮਨੁੱਖੀ ਮਨ ਉੱਤੇ ਪੈਣ ਵਾਲੇ ਪ੍ਰਭਾਵ ਬਾਰੇ ਦੱਸਦੇ ਹਨ ਉਥੇ ਬਸੰਤ ਰਾਗ ਦੇ ਮਨੁੱਖੀ ਸੁਭਾਅ ਅਤੇ ਵਰਤਾਰੇ ਉੱਤੇ ਹੋਣ ਵਾਲੇ ਪ੍ਰਭਾਵ ਨੂੰ ਪ੍ਰਗਟ ਕਰਦੇ ਹਨ। ਫੁਰਮਾਨ ਹੈ:

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥੧॥
ਭੋਲਿਆ ਹਉਮੈ ਸੁਰਤਿ ਵਿਸਾਰਿ ॥
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥ (ਪੰਨਾ 1168)

ਸ਼ਹੀਦਾਂ ਦੇ ਸਿਰਤਾਜ ਬਾਣੀ ਕੇ ਬੋਹਿਥਾ ਸ੍ਰੀ ਗੁਰੂ ਅਰਜਨ ਦੇਵ ਜੀ ਕਲਿਆਣ ਰਾਗ ਵਿਚ ਮਨੁੱਖਤਾ ਨੂੰ ਪ੍ਰਭੂ ਮਾਰਗ 'ਤੇ ਚੱਲਣ ਦੇ ਮਹੱਤਵ ਬਾਰੇ ਇਉਂ ਪੱਥ ਪ੍ਰਦਰਸ਼ਨ ਕਰਦੇ ਹਨ:

ਹਰਿ ਚਰਨ ਸਰਨ ਕਲਿਆਨ ਕਰਨ ॥ ਪ੍ਰਭ ਨਾਮੁ ਪਤਿਤ ਪਾਵਨੋ ॥੧॥ ਰਹਾਉ ॥
ਸਾਧਸੰਗਿ ਜਪਿ ਨਿਸੰਗ ਜਮਕਾਲੁ ਤਿਸੁ ਨ ਖਾਵਨੋ ॥੧॥
ਮੁਕਤਿ ਜੁਗਤਿ ਅਨਿਕ ਸੂਖ ਹਰਿ ਭਗਤਿ ਲਵੈ ਨ ਲਾਵਨੋ ॥
ਪ੍ਰਭ ਦਰਸ ਲੁਬਧ ਦਾਸ ਨਾਨਕ ਬਹੁੜਿ ਜੋਨਿ ਨ ਧਾਵਨੋ ॥ (ਪੰਨਾ 1323)

ਗੁਰੂ ਸਾਹਿਬ ਨੇ ਕੇਵਲ ਉਹਨਾਂ ਰਾਗਾਂ ਵਿਚ ਹੀ ਬਾਣੀ ਗਾਈ ਹੈ ਜਿਹਨਾਂ ਨਾਲ ਮਨੁੱਖਤਾ ਨੂੰ ਸੁੱਖ, ਸ਼ਾਂਤੀ, ਸੀਤਲਤਾ, ਸੰਜਮ, ਸੁਸ਼ੀਲਤਾ, ਹਲੀਮੀ, ਨਿਰਮਤਾ, ਚੜ੍ਹਦੀ ਕਲਾ ਦੀ ਭਾਵਨਾ ਅਤੇ

ਸੰਤੁਸ਼ਟੀ ਪ੍ਰਾਪਤ ਹੁੰਦੀ ਹੋਵੇ। ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ "ਦੀਪਕ" ਵਰਗੇ ਭੜਕਾਊ ਰਾਗ ਨੂੰ ਸ਼ਾਮਲ ਨਹੀਂ ਕੀਤਾ। ਪਰੰਤੂ ਦੀਪਕ ਰਾਗ ਦੇ ਨਾਲ ਸੰਬੰਧਤ ਰਾਗਨੀਆਂ (ਸ਼ਾਖਾਵਾਂ) ਜਿਹਾ ਕਿ ਕਾਨੜਾ, ਕਲਿਆਣ, ਟੋਡੀ, ਗੁਜਰੀ ਆਦਿ ਨੂੰ ਜ਼ਰੂਰ ਸ਼ਾਮਲ ਕੀਤਾ ਹੈ ਕਿਉਂਕਿ ਇਹ ਸੁਭਾਅ ਕਰਕੇ ਸੀਤਲ ਹੀ ਹਨ। ਇਕ ਪੁਰਾਤਨ ਕਥਾ ਅਨੁਸਾਰ ਅਕਬਰ ਬਾਦਸ਼ਾਹ ਦੇ ਦਰਬਾਰ ਦੀ ਕਹਾਣੀ ਵੀ ਪ੍ਰਚਲਿਤ ਹੈ ਕਿ ਇਕ ਵਾਰ ਬਾਦਸ਼ਾਹ ਅਕਬਰ ਨੇ ਆਪਣੇ ਦਰਬਾਰੀ ਗਾਇਨ "ਤਾਨਸੈਨ" ਨੂੰ ਦੀਪਕ ਰਾਗ ਵਿਚ ਗਾਉਣ ਲਈ ਮਜਬੂਰ ਕਰ ਦਿੱਤਾ। ਜਿਸ ਦੇ ਗਾਇਨ ਕਰਨ ਸਦਕਾ ਤਾਨਸੈਨ ਦੇ ਸਰੀਰ-ਬਦਨ ਅੰਦਰ ਮਨ ਨੂੰ ਉਤੇਜਿਤ ਕਰ ਕੇ ਅਗਨੀ ਵਾਂਗ ਜਲਨ ਵਾਲਾ ਕਰ ਦਿੱਤਾ ਅਤੇ ਤਾਨਸੇਨ ਅਤੀ ਬੇਚੈਨ ਹੋ ਕੇ ਸ਼ਾਂਤ ਚਿੱਤ ਹੋਣ ਲਈ ਭੱਜ ਨਿਕਲਿਆ ਅੰਤ ਨੂੰ ਉਹ ਜ਼ਿਲ੍ਹਾ ਪਟਿਆਲਾ ਦੇ ਕਸਬੇ ਬਨੂੜ ਵਿਚ ਪਹੁੰਚ ਗਿਆ ਜਿੱਥੇ ਸਮੇਂ ਦੀ ਪ੍ਰਸਿੱਧ ਸੰਗੀਤਕਾਰ ਮਾਈ ਬਨੋ ਨੇ ਮਲਾਰ ਰਾਗ ਗਾਇਆ ਅਤੇ ਦੀਪਕ ਰਾਗ ਦੀ ਤਪਸ਼ ਵਿਚ ਸੜ ਰਹੇ ਤਾਨਸੇਨ ਦੇ ਤਨ-ਬਦਨ-ਮਨ ਨੂੰ ਸ਼ਾਤ ਕੀਤਾ।

ਸੰਗੀਤ ਰਾਖਸ਼ਸਾਂ ਨੂੰ ਦੇਵਤਿਆਂ ਵਰਗੇ ਮਨੁੱਖ ਬਣਾਉਣ ਦੇ ਸਮਰੱਥ ਹੈ। "ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਦੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥" ਪੁਰਾਤਨ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਦੀ ਰਬਾਬ ਦੇ ਸੰਗੀਤ ਸੰਗ ਗੁਰਬਾਣੀ ਗਾ ਕੇ ਕੌਡੇ ਭੀਲ ਅਤੇ ਸੱਜਣ ਠੱਗ ਵਰਗੇ ਪੱਥਰ ਦਿਲ ਅਤੇ ਕਠੋਰ ਚਿੱਤ ਖੂੰਖਾਰ ਜਾਨਵਰਾਂ ਵਾਲੀ ਮਨੋ ਬਿਰਤੀ ਵਾਲੇ ਬੰਦਿਆਂ ਨੂੰ ਵੀ ਪਿਘਲਾ ਕੇ ਮੋਮ ਦਿਲ ਬਣਾ ਦਿੱਤਾ।ਭਾਈ ਮਰਦਾਨਾ ਜੀ ਦੀ ਰਬਾਬ ਵਿਚੋਂ ਨਿਕਲੇ ਸੰਗੀਤ ਨਾਲ ਪੱਥਰ ਦਿਲ ਮੋਮਦਿਲ ਬਣੇ ਅਤੇ ਗੁਰੂ ਸਾਹਿਬ ਦੇ ਸ਼ਬਦ ਨੇ ਉਨ੍ਹਾਂ ਦੀ ਕਾਇਆ ਹੀ ਕਲਪ ਕਰ ਦਿੱਤੀ। ਗੁਰੂ ਸਾਹਿਬ ਨੇ ਨਿਮਨ ਸ਼ਬਦ ਦਾ ਉਚਾਰਨ ਕੀਤਾ:

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥
ਸਜਣ ਸੇਈ ਨਾਲਿ ਮੈਂ ਚਲਦਿਆਂ ਨਾਲਿ ਚਲੰਨਿ॥
ਜਿੱਥੇ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ ਰਹਾਉ॥ (ਪੰਨਾ 129)

ਤਥਾ

ਕਿਰਤਿ ਵਿਰਤਿ ਕਰਿ ਧਰਮ ਕੀ ਹਥਹੁ ਦੇ ਕੈ ਭਲਾ ਮਨਾਵੈ

ਜਿਸ ਤਰ੍ਹਾਂ ਜਲ, ਥਲ ਅਤੇ ਆਕਾਸ਼ ਵਿਚ ਅਨੰਤ ਜੀਵਾਂ, ਜੰਤੂਆਂ, ਪਸ਼ੂਆਂ, ਪੰਛੀਆਂ ਆਦਿ ਵਿਚ ਪ੍ਰਜਵਲਿਤ ਜੋਤ ਦਾ ਇਕੋ ਇਕ ਸ੍ਰੋਤ, ਪਰਮਸਤਿ, ਪਰਮਤੱਤ ਪਰਮਾਤਮਾ, "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" ਤਥਾ "ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥" ਉਸੇ ਤਰ੍ਹਾਂ ਸਾਰੇ ਧਰਮ ਗ੍ਰੰਥਾਂ ਦਾ ਉਪਦੇਸ਼ ਅਤੇ ਉਦੇਸ਼

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

ਇਕੋ ਹੀ ਭਾਵ ਵੱਖ-ਵੱਖ ਰੂਪਾਂ, ਰੰਗਾਂ, ਨਾਵਾਂ ਨਾਲ ਪ੍ਰਭੂ ਪਰਮਾਤਮਾ ਨੂੰ ਵੇਖਿਆ ਅਤੇ ਵਰਣਨ ਕੀਤਾ ਗਿਆ ਹੈ ਪਰੰਤੂ ਸਭ ਦਾ ਸ੍ਰੋਤ ਇਕੋ ਪਰਮਸਤਿ ਹੈ। ਗੁਰਸ਼ਬਦ ਹੈ-"ਛਿਅ ਘਰ ਛਿਅ ਗੁਰ ਛਿਅ ਉਪਦੇਸ॥ ਗੁਰ ਗੁਰੁ ਏਕੋ ਵੇਸ ਅਨੇਕ॥" ਅਕਾਲ ਜੋਤਿ ਹੀ ਜ਼ੱਰੇ-ਜ਼ੱਰੇ ਵਿਚ ਵਿਦਮਾਨ ਹੈ ਭਾਵ ਸਭ ਤਾ ਸ੍ਰੋਤ "ਅਕਾਲ ਜੋਤਿ" ਹੀ ਹੈ। ਉਸੇ ਤਰ੍ਹਾਂ ਚੰਦ, ਤਾਰੇ-ਸਤਾਰੇ ਆਦਿ ਅਤੇ ਹੋਰ ਸਾਰੀਆਂ ਰੋਸ਼ਨੀਆਂ ਅਤੇ ਊਰਜਾ ਦਾ ਸ੍ਰੋਤ ਸੂਰਜ ਹੈ। ਉਸੇ ਤਰ੍ਹਾਂ ਸਾਰਿਆਂ ਰਾਗਾਂ ਤੇ ਸੰਗੀਤ ਦਾ ਸਰੋਤ ਵੀ ਉਹ ਸਦੀਵਕਾਲੀ ਅਤੇ ਸਰਬ ਵਿਆਪਕ "ਧੁਨੀ" "ਅਨਹਦ ਨਾਦ" ਹੀ ਹੈ। ਜਿਸ ਆਤਮਾ ਵਿਚ ਸੰਗੀਤ ਨਹੀਂ ਹੈ,ਉਹ ਤਾਂ "ਸਠ ਕਠੋਰ ਕੁਚੀਲ ਕੁਗਿਆਨੀ" ਹੈ। ਅਭਿਮਾਨੀ ਹੈ ਤਥਾ ਉਹ ਮਨੁੱਖ ਕਠੋਰ ਚਿੱਤ ਇਕ ਪੱਥਰ ਦੀ ਨਿਆਈ ਹੈ। ਜਾਬਰ ਹੈ। ਜਾਲਮ ਹੈ। ਜਰਵਾਣਾ ਹੈ। ਦਰਿੰਦਾ ਹੈ। ਮਾਨਵੀ ਕਦਰਾਂ-ਕੀਮਤਾਂ ਤੋਂ ਸੱਖਣਾ ਅਤੇ ਕੋਰਾ ਹੈ।

ਅੰਗਰੇਜ਼ੀ ਦੇ ਮਹਾਨ ਲੇਖਕ ਸ਼ੇਕਸਪੀਅਰ ਨੇ ਸੰਗੀਤ ਦੀ ਸ਼ਕਤੀ ਅਤੇ ਮਹੱਤਵ ਬਾਰੇ ਬਿਆਨ ਕਰਦਿਆਂ ਆਪਣੇ ਸ਼ਾਹਕਾਰ ਨਾਟਕ "ਕਿੰਗ ਹੈਨਰੀ ਦੀ ਫੋਰਥ" ਵਿਚ ਲਿਖਿਆ ਹੈ ਕਿ "ਜੇਕਰ ਸੰਗੀਤ ਰੂਹ ਦੀ ਖੁਰਾਕ ਹੈ ਤਾਂ ਇਸ ਨੂੰ ਵਿਆਪਕ ਕਰੋ। ਜਿਸ ਮਨੁੱਖ ਦੇ ਅੰਤਰ-ਆਤਮੇ ਸੰਗੀਤ ਨਹੀਂ ਹੈ ਅਤੇ ਉਸ ਦੇ ਕਠੋਰ ਮਨ ਨੂੰ ਸੰਗੀਤਕ ਧੁਨਾਂ ਹੁਲਾਰਾ ਨਹੀਂ ਦਿੰਦੀਆਂ ਕੋਮਲਤਾ ਪੈਦਾ ਨਹੀਂ ਕਰਦੀਆਂ ਤਾਂ ਉਹ ਕਠੋਰ ਚਿੱਤ ਵਾਲਾ ਮਨੁੱਖ ਧੋਖੇ, ਦੇਸ਼ ਧਰੋਹੀ, ਸਾਜ਼ਿਸ਼ੀ ਅਤੇ ਵਿਸ਼ਵਾਸਘਾਤ ਸੁਭਾਅ ਵਾਲਾ ਹੀ ਹੁੰਦਾ ਹੈ ਅਤੇ ਅਜਿਹੇ ਮਨੁੱਖ ਉੱਤੇ ਵਿਸ਼ਵਾਹ ਨਾ ਕੀਤਾ ਜਾਵੇ।" ਮੂਲ ਰੂਪ ਵਿਚ ਵਰਣਨ ਇਸ ਤਰ੍ਹਾਂ ਹੈ:-

"IF MUSIC BE THE FOOD FOR SOULD PLAY ON. HE WHO HATH NO MUSIC IN HIMSELF NOR IS NOT MOVED BY THE CONCHORD OF SOUNDS IS FIT FOR TREACHERY TREASON AND STRATGEM. LEST SUCH MAN BE NOT TRUSTED."

ਨਿਸਚੇ ਹੀ ਜਿਸ ਮਨੁੱਖ ਦੇ ਅੰਦਰ ਸੰਗੀਤ ਸੁਜੱਗ ਅਤੇ ਸੰਜੀਵ ਹੈ ਉਹ ਜਦੋਂ ਬਾਹਰ ਸੰਗੀਤਕ ਧੁਨਾਂ ਨਿਕਲ ਰਹੀਆਂ ਹਨ ਉਹ ਮਨੁੱਖ ਸੁੱਤੇ ਸਿੱਧ ਹੀ ਝੂਮਣ ਲੱਗ ਜਾਂਦਾ ਹੈ। ਉਸ ਦਾ ਅੰਦਰਲਾ ਅਤੇ ਬਾਹਲਾ ਸੰਗੀਤ ਇਕ ਸੁਰ ਹੋ ਜਾਂਦਾ ਹੈ ਅਤੇ ਉਹ ਵਜ਼ਦ ਵਿਚ ਆ ਜਾਂਦਾ ਹੈ ਅਤੇ ਉਸ ਦਾ ਅੰਗ ਅੰਗ ਫਰਕਣ ਲੱਗ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਠੋਰ ਮਨੁੱਖੀ ਸੁਭਾਅ ਬਾਰੇ ਫੁਰਮਾਉਂਦੇ ਹਨ, "ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁਤ ਭਾਤਿ ਕਰਿ ਨਹੀਂ ਹਰਿ ਹਰਿ ਭੀਜੈ ਰਾਮ ਰਾਜੈ॥ ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ।" ਲੋੜ ਹੈ ਅੰਦਰਲੇ ਅਤੇ ਬਾਹਰਲੇ ਸੰਗੀਤ ਨੂੰ ਇਕ ਰੂਪ ਅਤੇ ਇਕ ਸੁਰ ਕਰਨ ਦੀ। ਜਦੋਂ ਇਉਂ ਹੋ ਗਿਆ ਤਾਂ ਸਮਝੋ ਅਨਹਦ ਨਾਦ ਦੀ ਧੁਨੀ ਸੁਣੀ ਜਾ ਸਕਦੀ ਹੈ ਅਤੇ ਇਹੋ ਹੀ ਦਸਵੇਂ ਦੁਆਰ ਪਹੁੰਚਣ 'ਤੇ ਲਿਵ ਲੱਗ ਜਾਣ ਦੀ ਅਤੇ ਆਪਾ ਤਿਆਗ ਕੇ "ਅਕਾਲ ਜੋਤਿ" ਨਾਲ ਜੋਤਿ ਮਿਲ ਜਾਣ ਦੀ ਅਵਸਥਾ ਹੈ ਜੋ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦੀ ਹੈ। ਅੰਦਰਲੇ-ਬਾਹਰਲੇ ਸੰਗੀਤ ਦੇ ਇਕ ਸੁਰ ਹੋਣ ਵਾਲੇ ਮਨੁੱਖਾਂ ਅੰਦਰ ਦਰਿੰਦਗੀ, ਕਠੋਰਤਾ, ਜਬਰ ਅਤੇ ਜ਼ੁਲਮ ਕਰਨ ਦੀ ਬਿਰਤੀ, ਲੁੱਟਣ-ਕੁੱਟਣ ਵਾਲਾ ਵਰਤਾਰਾ ਖਤਮ ਹੋ ਜਾਵੇਗਾ ਅਤੇ ਨਿਰਮਲ,

ਹਲੀਮੀ, ਪ੍ਰੇਮ-ਪਿਆਰ, ਪਰਉਪਕਾਰ, ਸਹਿਹੋਂਦ, ਸਹਿਣਸ਼ੀਲਤਾ ਅਤੇ ਸਾਂਝੀਵਾਲਤਾ ਹੋਂਦ ਵਿਚ ਆ ਜਾਵੇਗਾ ਅਤੇ ਧਰਤੀ ਉੱਤੇ ਹੀ "ਬਹਿਸ਼ਤ" ਤਥਾ "ਬੇਗਮਪੁਰਾ" ਬਣ ਜਾਵੇਗਾ। ਸੰਗੀਤ ਸੱਚਮੁੱਚ ਹੀ ਇਕ ਅਜਿਹੀ ਅਦੁੱਤੀ ਇਲਾਹੀ ਧੁਨੀ ਹੈ ਜੋ ਹਰ ਪਲ ਹਰ ਘੜੀ ਸਾਰੀ ਫਿਜ਼ਾ-ਸਾਰੇ ਬ੍ਰਹਿਮੰਡ ਵਿਚ ਇਕ ਰਸ ਗੂੰਜ ਰਿਹਾ ਅਰਸ਼ੀ ਨੂਰ ਹੈ। ਅਕਾਲ ਪੁਰਖ ਦੀ ਰਹੱਸਮਈ ਹੋਂਦ-ਹਸਤੀ ਦਾ ਅਹਿਸਾਸ ਹੈ। ਇਹ ਸਰੀਰ ਦੀ ਨਸ-ਨਸ ਵਿਚ ਇਕ ਅਗੰਮੀ ਸਰਗਮ ਅਤੇ ਝਰਨਾਹਟ ਛੇੜਦਾ ਹੈ ਅਤੇ ਮਨੁੱਖੀ ਆਤਮਾ ਇਸ ਰੱਬੀ ਬਖਸ਼ਿਸ਼ ਸਦਕਾ ਸੁੱਤੇ ਸਿਧ ਹੀ ਮਦਮਸਤ ਹੋ ਕੇ ਇਕ ਦੈਵੀ ਤੇ ਅਗੰਮੀ ਵਿਸਮਾਦ ਨਾਲ ਝੂਮਣ ਲੱਗ ਪੈਂਦੀ ਹੈ। ਨਿਰਸੰਦੇਹ ਇਹ ਇਕ ਅਨੁਭਵੀ ਵਰਤਾਰਾ ਹੈ ਜੋ ਅੱਖਰਾਂ ਅਤੇ ਭਾਸ਼ਾ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਆਉ ਆਪਣੇ ਅੰਦਰਲੇ ਰਾਵਣ ਨੂੰ ਖਤਮ ਕਰ ਕੇ ਆਪਣੇ ਅੰਤਰ-ਆਤਮੇ ਇਕ ਕੁਦਰਤੀ ਦੁਰਲਭ ਦਾਤ ਨੂੰ ਸਜੱਗ ਅਤੇ ਸੰਜੀਵ ਕਰ ਕੇ ਸੰਗੀਤਮਈ, ਦੈਵੀ ਰੰਗ ਵਿਚ ਰੰਗਿਆ ਜੀਵਨ ਬਣਾਈਏ। ਇਕ ਸਦਾਚਾਰੀ, ਸਹਿਚਾਰੀ, ਸਹਿਜਤਾ ਅਤੇ ਨੇਕੀ ਵਰਗੀਆਂ ਮਹਾਨ ਮਾਨਵੀਂ ਕਦਰਾਂ-ਕੀਮਤਾਂ ਵਾਲਾ "ਸਭਨਾ ਦਾ ਸਾਜਣ" ਅਤੇ "ਸਭਨਾ ਦਾ ਮੀਤ" ਵਾਲਾ ਆਪਣਾ ਜੀਵਨ ਮਾਣਮੱਤਾ ਬਣਾ ਕੇ ਸਫਲ ਕਰ ਲਈਏ ਅਤੇ ਆਪਣਾ ਜੀਵਨ ਲਕਸ਼ ਪ੍ਰਾਪਤ ਕਰ ਲਈਏ।

ਤੇਰਾ ਮੁਖ ਸੁਹਾਵਾ ਜੀਉ ਸਹਜ ਧੁਨਿ ਬਾਣੀ॥
ਚਿਰੁ ਹੋਆ ਦੇਖੇ ਸਾਰਿੰਗਪਾਣੀ॥ (ਪੰਨਾ 96)

'ਗੁਰਮਤਿ ਪ੍ਰਕਾਸ਼' ਵਿਚੋਂ ਧੰਨਵਾਦ ਸਹਿਤ


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/-)

CHD 2723333 SALAD BAR 2723222
PKL 2579888 MOH 2264300



SCO 76-79,(First Floor) Sector 17-E, Chandigarh. Tel: 272322, 2723111, 2704858

PEPSI

CONTAINS NO FRUIT / CONTAINS ADDED FLAVOUR

# ਮਹਾਂ ਸਬਰ-ਮਾਤਾ ਸੁਲੱਖਣੀ

ਮਨਮੋਹਨ ਸਿੰਘ ਦਾਊਂ

ਆਪਣੀ ਕੁੱਖ ਦਾ ਨੂਰ
ਕਿਸ ਮਾਂ ਨੂੰ ਨਹੀਂ ਪਿਆਰਾ।
ਮਾਂ ਤਾਂ ਲੋੜੇ
ਪੁੱਤਰਾਂ-ਧੀਆਂ ਖਾਤਰ
ਸਦਾ ਦੁਆਵਾਂ
ਪਦਵੀਆਂ, ਪਾਤਸ਼ਾਹੀਆਂ
ਤੇ ਗੱਦੀਆਂ।
ਪਰ ਇਹ ਕੇਹੀ
ਸਬਰ-ਸੰਤੋਖੀ
ਜਾਂ ਇਤਿਹਾਸ ਦਾ
ਸੁੱਚੜਾ ਪੰਨਾ
ਜੋ ਨੂਰੀ ਪਤੀ ਸਾਹਵੇਂ
ਸ਼ਿਕਵਾ ਜਾਂ ਹਿਰਖ ਵਰਗਾ
ਕੁਝ ਨਹੀਂ ਕੀਤਾ
ਅੰਦਰੋਂ-ਅੰਦਰੀ
ਤਿਆਗ ਹੰਢਾਇਆ
ਨੂਰੀ ਜੋਤ ਤੋਂ ਪੁੱਤਰਾਂ ਖਾਤਰ
ਗੁਰਗੱਦੀ ਦੀ ਸ਼ੋਭਾ ਦੇ ਲਈ
ਕੋਈ ਉਜਰ ਨਾ ਕੀਤਾ
ਸਬਰ ਪਿਆਲਾ ਪੀਤਾ

ਇਕ ਪਾਸੇ ਪੁੱਤਰਾਂ ਦੀ ਮਮਤਾ
ਇਕ ਪਾਸੇ ਲੋਕ-ਉਲਾਂਭੇ
ਇਕ ਪਾਸੇ ਨੂਰੀ ਲਿਸ਼ਕਾਰਾ
ਲੋਭ, ਇੱਛਾ, ਮਮਤਾ ਨੂੰ
ਤਜ ਸੁਲੱਖਣੀ
ਜੋਤ ਦੇ ਅੱਗੇ ਸੀਸ ਝੁਕਾਇਆ
ਕੇਹੀ ਸੁਲੱਖਣੀ, ਨਾਨਕ ਦੀ ਜੀਵਨ ਸਾਥਣ
ਕੇਹੀ ਸੁਲੱਖਣੀ ਪੁੱਤਰਾਂ ਦੀ ਜਾਈ
ਮਹਾਂ ਸਬਰ ਦੀ
ਉੱਚ ਉਦਾਹਰਣ
ਸਭ ਕੁਝ ਆਪਣੇ ਨੈਣੀਂ ਜਰਿਆ
ਨਾਨਕ ਗੁਰ ਨੇ
ਜਦ, ਜੱਦ ਨੂੰ ਤਜ ਕੇ
ਕ੍ਰਾਂਤੀਕਾਰੀ ਕੀਤਾ ਉਜਿਆਰਾ
ਜਿਸ ਨੇ ਪੁੱਤਰਾਂ ਨਾਲੋਂ
ਪਰਖਿਆ ਸਿਰੜੀ ਸੇਵਕ
ਲਹਿਣਾ ਸਚਿਆਰਾ
ਬਣਿਆ ਜੋ
ਗੁਰੂ ਅੰਗਦ ਪਿਆਰਾ

ਮੋ : 98151 23900

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

ਪਿਛਲੇ ਅੰਕ ਦੀ ਬਾਕੀ

# ਸੀਸ ਦੀਆ ਪਰ ਸਿਰੁ ਨਾ ਦੀਆ

## ਕਰਮ ਸਿੰਘ ਰਤਨ

ਸੋ ਬਾਬਾ ਅਜੀਤ ਸਿੰਘ ਜੀ ਨੇ ਆਪ ਵੈਰੀ ਦਲ ਨਾਲ ਦੋ ਦੋ ਹੱਥ ਕਰਨ ਦੀ ਤੇ ਵੈਰੀ ਨਾਲ ਯੁੱਧ ਕਰਕੇ ਸ਼ਹੀਦ ਹੋਣ ਦੀ ਆਗਿਆ ਮੰਗੀ, ਤਾਂ ਸਤਿਗੁਰ ਜੀ ਨੇ ਬੜੇ ਫ਼ਖਰ ਨਾਲ ਆਪ ਬਾਬਾ ਅਜੀਤ ਸਿੰਘ ਨੂੰ ਸਜਾਇਆ ਤੇ ਆਪਣੇ ਹੱਥੀ ਸ਼ਸਤਰ ਬਸਤਰ ਸਜਾਏ ਤੇ ਥਾਪੜਾ ਦੇ ਕੇ ਕਿਹਾ ਕਿ ਜਾਉ ਪੁੱਤਰ ਯੁੱਧ ਵਿਚ ਜੁਝੋ ਤੇ ਆਪ ਜੀ ਦੇ ਨਾਲ ਪੰਜ ਸਿੰਘ ਹੋਰ ਭੇਜੇ। ਇਸ ਤਰ੍ਹਾਂ ਬਾਬਾ ਅਜੀਤ ਸਿੰਘ ਜੀ ਗੜ੍ਹੀ ਵਿਚੋਂ ਜੈਕਾਰੇ ਛਡਦੇ ਅਤੇ ਲਲਕਾਰੇ ਮਾਰਦੇ ਬਾਹਰ ਨਿਕਲੇ, ਪਹਿਲੇ ਤਾਂ ਆਪ ਨੇ ਤੀਰਾਂ ਨਾਲ ਵੈਰੀ ਦਲ ਦੇ ਕਈ ਆਦਮੀ ਪਾਰ ਬੁਲਾਏ, ਤੇ ਜਦੋਂ ਤੀਰ ਮੁੱਕ ਗਏ ਤਾਂ ਆਪ ਨੇ ਨੇਜਾ ਫੜ ਲਿਆ ਤੇ ਵੈਰੀਆਂ ਦੇ ਆਹੂ ਲਾਹਣੇ ਸ਼ੁਰੂ ਕਰ ਦਿੱਤੇ। ਆਪ ਜੀ ਨੇ ਇਕ ਲੋਹੇ ਦੀ ਵਰਦੀ ਵਾਲੇ ਦੇ ਇਕ ਫੌਜੀ ਦੀ ਹਿੱਕ ਵਿਚ ਨੇਜਾ ਮਾਰਿਆ ਤੇ ਉਸ ਨੂੰ ਪਰੋਂ ਕੇ ਰਖ ਦਿੱਤਾ। ਜਦ ਪੁੱਟਣ ਲੱਗੇ ਤਾਂ ਉਹ ਦੋ ਟੋਟੇ ਹੋ ਗਿਆ ਤੇ ਫਿਰ ਉਹਨਾਂ ਨੇ ਤਲਵਾਰ ਕੱਢ ਲਈ ਤੇ ਕਈਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਕ ਕਵੀ ਬਾਬਾ ਅਜੀਤ ਸਿੰਘ ਜੀ ਦੇ ਜੰਗ ਬਾਰੇ ਲਿਖਦਾ ਹੈ।

ਸ਼ਾਹਜ਼ਾਦਾ ਏ ਜੀ ਸ਼ਾਹ ਨੇ ਭਗਦੜ ਸੀ ਮਚਾ ਦੀ<br>
ਯੇਹ ਫੌਜ ਭਗਾ ਦੀ, ਕਭੀ ਵੋਹ ਫੌਜ ਭਗਾ ਦੀ<br>
ਬੜ੍ਹੇ ਚੜ੍ਹ ਕੇ ਭਵੱਕੇ ਸੇ। ਯੁਜ਼ਅਤ ਜੋ ਦਿਖਾ ਦੀ<br>
ਸਤਿਗੁਰ ਨੇ ਵਹੀ ਕਿਲੇ ਸੇ ਬਚੇ ਕੋ ਨਿਦਾ ਦੀ<br>
ਸ਼ਾਬਾਸ਼ ਪਿਸਰ ਖੂਬ ਦਲੇਰੀ ਸੇ ਲੜੇ ਹੋ<br>
ਹਾਂ ਕਿਉਂ ਨਾ ਹੋ ਗੋਬਿੰਦ ਕੇ ਫਰਜ਼ੰਦ ਬੜੇ ਹੋ

ਸਾਹਿਬਜ਼ਾਦੇ ਦੀ ਫੁਰਤੀ ਵੇਖ ਕੇ ਵੈਰੀ ਦਲ ਦੇ ਕਈ ਫੌਜੀ ਇਕੱਠੇ ਹੋ ਕੇ ਪੈ ਗਏ ਤੇ ਇਸ ਮੁੱਠ ਭੇੜ ਵਿਚ ਆਪ ਜੀ ਸ਼ਹੀਦ ਹੋ ਗਏ। ਆਪ ਜੀ ਨੇ 8 ਪੋਹ ਸੰਮਤ 1761 ਬਿਕ੍ਰਮੀ ਅਤੇ 22 ਦਸੰਬਰ ਸੰਨ 1708 ਨੂੰ ਸ਼ਹੀਦ ਹੋਏ।

ਜਦੋਂ ਦੂਜੇ ਛੋਟੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਨੇ ਵੱਡੇ ਭਰਾ ਅਜੀਤ ਸਿੰਘ ਨੂੰ ਸ਼ਹੀਦ ਹੁੰਦੇ ਦੇਖਿਆ ਤੇ ਉਸ ਦਾ ਵੀ ਖ਼ੂਨ ਖੌਲ ਗਿਆ ਤੇ ਕਵੀ ਲਿਖਦਾ ਹੈ:

ਬੇਟੇ ਕੋ ਸ਼ਹਾਦਤ ਮਿਲੀ, ਦੇਖਾ ਜੋ ਪਦਰ ਨੇ<br>
ਤੂਫਾਂ ਬਪਾ ਗ਼ਮ ਸੇ ਕੀਆ, ਦੀਦਾਇ ਤਰ ਨੇ<br>
ਇਸ ਵਕਤ ਕਹਾ ਨੰਨ੍ਹੇ ਸੇ, ਮਾਸੂਮ ਪਿਸਰ ਨੇ

ਰੁਖਸਤ ਹਮੇਂ ਕਰੋ ਪਿਤਾ ਹਮ ਜਾਏਂਗੇ ਮਰਨੇ
ਭਾਈ ਸੇ ਬਿਛੜ ਕਰ, ਹਮੇਂ ਜੀਨਾ ਨਹੀਂ ਆਤਾ
ਸੋਨਾ ਨਹੀਂ, ਖਾਨਾ ਨਹੀਂ ਪੀਨਾ ਨਹੀਂ ਆਤਾ।

ਸੋ ਛੋਟੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਨੇ ਗੁਰੂ ਪਿਤਾ ਅੱਗੇ ਬੇਨਤੀ ਕੀਤੀ ਕਿ ਪਿਤਾ ਜੀ ਮੈਨੂੰ ਵੀ ਆਗਿਆ ਦਿਉ, ਜ਼ਰਾ ਮੈਂ ਵੀ ਵੈਰੀਆਂ ਨੂੰ ਆਪਣੇ ਦੋ ਹੱਥ ਦਿਖਾਵਾਂ, ਬਾਬਾ ਜੁਝਾਰ ਸਿੰਘ ਦੀ ਉਮਰ ਉਸ ਸਮੇਂ 14 ਕੁ ਸਾਲ ਸੀ ਕਿਉਂਕਿ ਆਪ ਜੀ ਦਾ ਜਨਮ ਸੰਮਤ 1647 ਈਸਵੀ ਸੰਨ 1690 ਵਿਚ ਅਨੰਦਪੁਰ ਸਾਹਿਬ ਵਿਖੇ ਹੋਇਆ ਸੀ ਅਤੇ ਆਪ ਜੀ ਨੇ ਵੱਡੇ ਭਰਾ ਵਾਂਗ ਯੁੱਧ ਦੇ ਸਾਰੇ ਕਰਤਬ ਸ਼ਸਤਰਾਂ ਦੀ ਵਰਤੋਂ ਦੇ ਸਾਰੇ ਢੰਗ ਸਿੱਖੇ ਹੋਏ ਸਨ। ਇਹਨਾਂ ਨੂੰ ਵੀ ਸਤਿਗੁਰ ਜੀ ਨੇ ਆਪ ਤਿਆਰ ਕੀਤਾ ਤੇ ਸ਼ਸਤਰ ਬਸਤਰ ਸਜਾਏ ਤੇ ਪੰਜ ਸਿੰਘ ਨਾਲ ਭੇਜੇ। ਥਾਪੜਾ ਦੇ ਕੇ ਸਤਿਗੁਰ ਜੀ ਨੇ ਕਿਹਾ ਜਾਉ ਬੇਟਾ ਐਸਾ ਯੁੱਧ ਕਰਨਾ ਕਿ ਦੁਸ਼ਮਨਾਂ ਦੇ ਦੰਦ ਖੱਟੇ ਹੋ ਜਾਣ। ਤਾਂ ਬਾਬਾ ਜੁਝਾਰ ਸਿੰਘ ਪੰਜ ਸਿੰਘਾਂ ਨੂੰ ਨਾਲ ਲੈ ਕੇ ਜੈਕਾਰੇ ਛੱਡਦੇ ਤੇ ਲਲਕਾਰੇ ਮਾਰਦੇ ਗੜ੍ਹੀ ਤੋਂ ਬਾਹਰ ਆਏ, ਕਵੀ ਲਿਖਦਾ ਹੈ:

ਥੀ ਦੂਸਰੇ ਬੇਟੇ ਕੀ ਸੁਨੀ ਬੇਨਤੀ ਜਿਸ ਦਮ
ਸਰ ਕੋ ਦਹਨਿ ਪਾਕ ਕੇ ਬੋਸੇ ਦੀਏ ਪੈਹਮ
ਮਰਨੇ ਕੇ ਲੀਏ ਕਰਨੇ ਲਗੇ ਜਾਈਏ ਜਮ ਜਮ
ਰੂਠੋ ਨਾ ਖੁਦਾ ਰਾ, ਨਹੀਂ ਰੋਕੇਂਗੇ ਕਭੀ ਹਮ
ਹਮ ਨੇ ਥਾ ਕਹਾ ਬਾਪ ਕੋ ਜਾਂ ਦੀਜੈ ਧਰਮ ਪਰ
ਲੋ ਕਹਿਤੇ ਹੈਂ ਆਪ ਕੋ ਜਾਂ ਦੀਜੈ ਧਰਮ ਪਰ।

ਸੋ ਬਾਬਾ ਜੁਝਾਰ ਸਿੰਘ ਜੀ, ਗੜ੍ਹੀ ਤੋਂ ਬਾਹਰ ਆਉਂਦੇ ਹੀ ਵੈਰੀ ਦਲ ਤੇ ਟੁੱਟ ਗਏ। ਪਹਿਲੇ ਤੀਰਾਂ ਦੀ ਵਰਖਾ ਕੀਤੀ ਤੇ ਜਦੋਂ ਤੀਰ ਖਤਮ ਹੋ ਗਏ ਤਾਂ ਨੇਜੇ ਨਾਲ ਯੁੱਧ ਕੀਤਾ ਅਤੇ ਅੰਤ ਵਿਚ ਐਸੀ ਤਲਵਾਰ ਵਾਹੀ ਕਿ ਦੁਸ਼ਮਨ ਦੇ ਫੌਜੀ ਵੀ ਵਾਹ ਵਾਹ ਕਰ ਉੱਠੇ।

ਸਾਹਿਬਜ਼ਾਦੇ ਦੀ ਫੁਰਤੀ ਵੇਖਕੇ, ਗੁਰੂ ਸਾਹਿਬ ਜੀ ਨੇ ਗੜ੍ਹੀ ਦੇ ਉਪਰੋਂ ਸਾਹਿਬਜ਼ਾਦੇ ਨੂੰ ਸ਼ਾਬਾਸ਼ ਦਿੱਤੀ ਅਤੇ ਸਾਹਿਬਜ਼ਾਦੇ ਨੇ ਪਿਤਾ ਦੀ ਸ਼ਾਬਾਸ਼ ਸਿਰ ਝੁਕਾਅ ਕੇ ਕਬੂਲ ਕੀਤੀ। ਇਤਨੇ ਵਿਚ ਹੀ ਕਿਸੇ ਦੁਸ਼ਮਨ ਨੇ ਸਾਹਿਬਜ਼ਾਦੇ ਤੇ ਬਰਛੀ ਦਾ ਵਾਰ ਕਰ ਦਿੱਤਾ। ਤੇ ਜੁਝਾਰ ਸਿੰਘ ਜੀ ਸ਼ਹੀਦੀ ਪਾ ਗਏ, ਇਕ ਕਵੀ ਲਿਖਦਾ ਹੈ ਜਦੋਂ ਸਤਿਗੁਰ ਜੀ ਨੇ ਬੇਟੇ ਨੂੰ ਸ਼ਾਬਾਸ਼ ਦਿੱਤੀ ਤਾਂ ਸਾਹਿਬਜ਼ਾਦੇ ਨੇ ਸ਼ਾਬਾਸ਼ ਕਬੂਲ ਕੀਤੀ:

ਦਿਲਬਰ ਨੇ ਤਲਵਾਰ ਸੇ, ਤਸਲੀਮ ਬਜਾਈ
ਗਰਦਨ ਪਾਇ ਆਤਾਬ ਦਿਲਾਵਰ ਨੇ ਝੁਕਾਈ
ਇਸੀ ਵਕਫਾ ਮੇਂ ਫੌਜ ਸਿਤਮ ਔਰ ਉਮਡ ਆਈ
ਬਰਛੀ ਕਿਸੀ ਬਦ ਬਖਤ ਨੇ, ਪੀਛੇ ਸੇ ਲਗਾਈ
ਤਿਉਰਾ ਕੇ ਗਿਰੇ ਜ਼ੀਨਸੇ, ਸਰਕਾਰ ਜ਼ਮੀਂ ਪਰ
ਰੂਹ ਖੁਲਦ ਗਈ, ਔਰ ਤਨ ਜ਼ਾਰ ਜ਼ਮੀਂ ਪਰ

ਇਸ ਤਰ੍ਹਾਂ ਆਪ ਜੀ ਦੀ ਸ਼ਹੀਦੀ ਵੀ 8 ਪੋਹ ਸੰਮਤ 1761 ਬਿਕ੍ਰਮੀ ਅਤੇ 22 ਦਸੰਬਰ 1704

ਈਸਵੀ ਨੂੰ ਹੋਈ। ਇਕ ਕਵੀ ਲਿਖਦਾ ਹੈ:

ਹਮ ਦੇ ਕਰ ਜਾਨ ਅਪਨੀ, ਜਾਨੇ, ਆਓਰੋਂ ਕੀ ਬਚਾ ਚਲੇ
ਸਿੱਖੀ ਕੀ ਨੀਂਵ ਕੋ ਹਮ ਅਪਨੇ ਸਰੋਂ ਪਰ ਬਿਨਾਂ ਚਲੇ
ਗੁਰਿਆਈ ਕਾ ਯੇਹ ਕਿੱਸਾ, ਹਮ ਜਹਾਂ ਮੇਂ ਬਨਾ ਚਲੇ
ਸਿੰਘੋਂ ਕੀ ਸਲਤਨਤ ਕਾ, ਹਮ ਪੌਦਾ ਹੈਂ ਲਗਾ ਚਲੇ
ਯੇਹ ਗੱਦੀ ਤਾਜੋ ਤਖਤ ਕੀ, ਅਬ ਸਿੱਖ ਕੌਮ ਪਾਏ ਗੀ
ਦੁਨੀਆਂ ਸੇ ਜ਼ਾਲਮੇਂ ਕਾ, ਨਿਸ਼ਾਂ ਤਕ ਮਿਟਾ ਜਾਏਗੀ।

ਦੂਜੇ ਪਾਸੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ, ਜਿਹਨਾਂ ਨੂੰ ਗੁਰੂ ਸਾਹਿਬ ਦਾ ਆਪਣਾ ਰਸੋਈਆ ਬ੍ਰਾਹਮਣ ਆਪਣੇ ਪਿੰਡ ਖੇੜੀ ਵਿਖੇ ਆਪਣੇ ਘਰ ਲੈ ਗਿਆ ਤੇ ਰਾਤ ਨੂੰ ਉਸ ਨੇ ਮਾਤਾ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਆਰਾਮ ਕਰਨ ਲਈ ਇਕ ਪਲੰਘ ਤੇ ਬਿਸਤਰਾ ਵਿਛਾਇਆ। ਮਾਤਾ ਜੀ ਜਦੋਂ ਆਰਾਮ ਕਰਨ ਲੱਗੇ ਤਾਂ ਉਹਨਾਂ ਪਾਸ ਇਕ ਮਾਇਆ ਦੀ ਥੈਲੀ ਸੀ, ਉਹ ਥੈਲੀ ਮਾਤਾ ਜੀ ਨੇ ਆਪਣੇ ਪਲੰਘ ਦੇ ਸਿਰਾਹਣੇ ਵਾਲੇ ਪਾਸੇ ਥੱਲੇ ਰੱਖ ਦਿੱਤੀ, ਇਹ ਸੋਚ ਕੇ ਕਿ ਏਥੇ ਕੋਈ ਖਤਰਾ ਨਹੀਂ ਅਤੇ ਆਪ ਆਰਾਮ ਕਰਨ ਲੱਗ ਪਏ। ਗੰਗੂ ਰਸੋਈਏ ਨੇ ਜਦੋਂ ਮਾਤਾ ਜੀ ਪਾਸ ਮਾਇਆ ਦੀ ਥੈਲੀ ਦੇਖੀ ਤਾਂ ਉਸ ਦੇ ਮਨ ਵਿਚ ਲਾਲਚ ਆ ਗਿਆ ਅਤੇ ਜਦੋਂ ਮਾਤਾ ਜੀ ਸੌਂ ਗਏ ਤਾਂ ਉਸ ਨੇ ਰਾਤ ਨੂੰ ਉਹ ਥੈਲੀ ਚੁਰਾ ਕੇ ਅੰਦਰ ਰੱਖ ਲਈ। ਜਦੋਂ ਦਿਨ ਚੜ੍ਹਿਆ ਤਾਂ ਮਾਤਾ ਜੀ ਉੱਠੇ, ਪਰ ਉਹ ਥੈਲੀ ਮਾਤਾ ਜੀ ਨੂੰ ਨਜ਼ਰ ਨਾ ਆਈ। ਮਾਤਾ ਜੀ ਨੇ ਗੰਗੂ ਨੂੰ ਪੁੱਛਿਆ ਕਿ ਬੇਟਾ ਰਾਤ ਮੈਂ ਸਿਰਹਾਣੇ ਵਾਲੇ ਪਾਸੇ ਪਲੰਘ ਥੱਲੇ ਮਾਇਆ ਦੀ ਥੈਲੀ ਰੱਖੀ ਸੀ, ਤੂੰ ਵੇਖੀ ਤਾਂ ਨਹੀਂ, ਤਾਂ ਗੰਗੂ ਨੇ ਝੂਠ ਬੋਲਿਆ ਕਿ ਮੈਨੂੰ ਨਹੀਂ ਪਤਾ, ਤਾਂ ਮਾਤਾ ਜੀ ਨੇ ਕਿਹਾ ਕਿ ਬੇਟਾ ਏਥੇ ਰਾਤ ਨੂੰ ਹੋਰ ਤਾਂ ਕੋਈ ਆਇਆ ਹੀ ਨਹੀਂ ਫਿਰ ਥੈਲੀ ਹੋਰ ਕਿਸੇ ਨੇ ਲੈਣੀ ਹੈ। ਇਹ ਗੱਲ ਸੁਣ ਕੇ ਗੰਗੂ ਬ੍ਰਾਹਮਣ ਗਰਮ ਹੋ ਗਿਆ ਤੇ ਕਹਿਣ ਲੱਗ ਕਿ ਇਕ ਤਾਂ ਮੈਂ ਤੁਹਾਨੂੰ ਰਾਤ ਪਨਾਹ ਦਿੱਤੀ ਹੈ ਤੇ ਸੇਵਾ ਕੀਤੀ ਹੈ ਤੇ ਤੁਸੀਂ ਉਲਟਾ ਮੈਨੂੰ ਹੀ ਚੋਰ ਬਦਾ ਰਹੇ ਹੋ। ਮੇਰੀ ਨੇਕੀ ਦਾ ਤੁਸੀਂ ਇਹ ਬਦਲਾ ਦਿੱਤਾ ਹੈ। ਠਹਿਰੋ ਮੈਂ ਤੁਹਾਨੂੰ ਦੱਸਦਾ ਕਿ ਕਿਸੇ ਨੂੰ ਕਿਵੇਂ ਚੋਰ ਬਣਾਈ ਦਾ ਹੈ। ਇਹੋ ਜਿਹੇ ਕਬੋਲ ਬੋਲਦਾ ਗੰਗੂ ਘਰੋਂ ਬਾਹਰ ਨਿਕਲ ਗਿਆ। ਗੰਗੂ ਦਾ ਪਿੰਡ ਖੇੜੀ ਮੋਰਿੰਡਾ ਸ਼ਹਰਿ ਦੇ ਨੇੜੇ ਹੀ ਸੀ ਅਤੇ ਮੋਰਿੰਡੇ ਇਸ ਇਲਾਕੇ ਵਿਚ ਠਾਣਾ ਸੀ ਤੇ ਇਹ ਗੰਗੂ ਗੁੱਸੇ ਵਿਚ ਆਇਆ ਹੋਇਆ ਮੋਰਿੰਡੇ ਥਾਣੇ ਵਿਚ ਪਹੁੰਚ ਗਿਆ। ਠਾਣੇ ਅੰਦਰ ਜਾ ਕੇ ਇਸ ਨੇ ਰਿਪੋਰਟ ਲਿਖਾ ਦਿੱਤੀ ਕਿ ਜੇ ਮੈਂ ਤੁਹਾਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਅਤੇ ਗੁਰੂ ਦੇ ਛੋਟੇ ਬੱਚਿਆਂ ਬਾਰੇ ਦਸ ਦਿਆਂ ਤਾਂ ਸੂਬੇ ਨੇ ਜੋ ਈਨਾਮ ਉਹਨਾਂ ਨੂੰ ਫੜਾਉਣ ਦਾ ਰੱਖਿਆ ਹੋਇਆ ਹੈ ਉਹ ਮੈਨੂੰ ਦਿਉ ਤਾਂ ਠਾਣੇ ਦਾਰ ਨੇ ਕਿਹਾ ਠੀਕ ਹੈ, ਤੂੰ ਗੁਰੂ ਗੋਬਿੰਦ ਸਿੰਘ ਦੇ ਬੱਚੇ ਸਾਡੇ ਹਵਾਲੇ ਕਰ ਦੇ ਤੇ ਅਸੀਂ ਤੈਨੂੰ ਸੂਬੇ ਪਾਸੋਂ ਈਨਾਮ ਦਿਵਾ ਦੇਂਦੇ ਹਾਂ। ਗੰਗੂ ਮੋਰਿੰਡੇ ਠਾਣੇ ਤੋਂ ਸਿਪਾਹੀ ਨਾਲ ਲੈ ਗਿਆ ਆਪਣੇ ਪਿੰਡ ਤੇ ਇਸ ਨੇ ਇਨਾਮ ਦੇ ਲਾਲਚ ਵਿਚ, ਨਮਕ ਹਰਾਮੀ ਅਤੇ ਅਕ੍ਰਿਤਘਣਤਾ ਕਰਕੇ, ਮਾਤਾ ਜੀ ਅਤੇ

ਸਾਹਿਬਜ਼ਾਦਿਆਂ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ। ਇਸ ਨੇ ਮਾਤਾ ਜੀ ਦਾ ਧਨ ਵੀ ਚੁਰਾ ਲਿਆ ਅਤੇ ਸਰਕਾਰ ਪਾਸੋਂ ਇਨਾਮ ਵੀ ਲੈ ਲਿਆ।

ਸੋ ਮੋਰਿੰਡੇ ਠਾਣੇ ਦੀ ਪੁਲਿਸ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰ ਕੇ ਮੋਰਿੰਡੇ ਥਾਣੇ ਲੈ ਗਈ ਅਤੇ ਇਕ ਰਾਤ ਏਥੇ ਉਹਨਾਂ ਨੂੰ ਹਵਾਲਾਤ ਵਿਚ ਕੈਦ ਰੱਖਿਆ ਤੇ ਅਗਲੇ ਦਿਨ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ, ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਸਿਪਾਹੀਆਂ ਦੇ ਹਵਾਲੇ ਕਰ ਦਿੱਤਾ। ਸੂਬੇਦਾਰ ਵਜੀਰ ਖਾਂ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਦੀ ਮਾਤਾ ਤੇ ਉਹਨਾਂ ਦੇ ਛੋਟੇ ਬੱਚੇ ਪਕੜੇ ਗਏ ਹਨ ਤਾਂ ਉਹ ਬੜਾ ਖੁਸ਼ ਹੋਇਆ। ਉਸ ਨੇ ਸੋਚਿਆ ਕਿ ਇਹਨਾਂ ਦੇ ਬਹਾਨੇ ਉਹ ਗੁਰੂ ਸਾਹਿਬ ਤੇ ਦਬਾਅ ਪਾ ਕੇ ਉਹਨਾਂ ਨੂੰ ਵੀ ਪਕੜ ਲਵੇਗਾ। ਸੂਬੇਦਾਰ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਅੱਜ ਦੀ ਰਾਤ ਇਹਨਾਂ ਨੂੰ ਠੰਡੇ ਬੁਰਜ ਵਿਚ ਕੈਦ ਰੱਖਿਆ ਜਾਵੇ ਅਤੇ ਕੱਲ ਨੂੰ ਕਚਹਿਰੀ ਵਿਚ ਪੇਸ਼ ਕੀਤੀ ਜਾਵੇ। ਸੂਬੇ ਨੇ ਇਹ ਸੋਚਿਆ ਕਿ ਜਦੋਂ ਇਹ ਤਸੀਹਿਆਂ ਤੋਂ ਡਰ ਜਾਣਗੇ ਤੇ ਸਾਡੀ ਗੱਲ ਮੰਨ ਜਾਣਗੇ। ਸੋ ਠੰਢੇ ਬੁਰਜ ਵਿਚ ਮਾਤਾ ਗੁਜਰੀ ਨੇ ਸਾਰੀ ਰਾਤ ਬੱਚਿਆਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਤੇ ਬੈਠ ਕੇ ਸਾਰੀ ਕੱਟੀ ਅਤੇ ਅਗਲੇ ਦਿਨ ਸਿਪਾਹੀ ਆਏ ਤੇ ਉਹਨਾਂ ਮਾਤਾ ਜੀ ਨੂੰ ਬੱਚਿਆ ਨੂੰ ਤਿਆਰ ਕਰਕੇ, ਸਿੱਖਿਆ ਦਿੱਤੀ ਕਿ ਬੇਟਾ ਤੁਸੀਂ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਹੋ, ਇਸ ਲਈ ਡਰਨਾ ਨਹੀਂ, ਨਾ ਹੀ ਕਿਸੇ ਲਾਲਚ ਵਿਚ ਆਉਣਾ ਹੈ। ਤੇ ਫਿਰ ਸਿਪਾਹੀ ਬੱਚਿਆ ਨੂੰ ਲੈ ਗਏ ਤੇ ਰਸਤੇ ਵਿਚ ਸਿਪਾਹੀਆਂ ਨੇ ਬੱਚਿਆਂ ਨੂੰ ਸਮਝਾਇਆ ਕਿ ਤੁਸੀਂ ਕਚਹਿਰੀ ਵਿਚ ਜਾ ਕੇ, ਸੂਬੇਦਾਰ ਨੂੰ ਸਲਾਮ ਕਰਨੀ। ਪਰ ਜਦੋਂ ਬੱਚੇ ਸੂਬੇਦਾਰ ਦੀ ਕਚਹਿਰੀ ਵਿਚ ਪਹੁੰਚੇ ਤਾਂ ਇਹਨਾਂ ਨੇ ਬੜੇ ਜ਼ੋਰ ਨਾਲ ਗੱਜ ਕੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾਈ। ਕਚਹਿਰੀ ਵਿਚ ਜਿਤਨੇ ਲੋਕ ਹਾਜ਼ਰ ਸਨ, ਉਹ ਵਾਹ ਵਾਹ ਵਾਹ ਕਰਨ ਲੱਗ ਪਏ ਤੇ ਵਜ਼ੀਰ ਖਾਨ ਨੇ ਇਹ ਨਿਰਭੈਰਤਾ ਦੇਖ ਕੇ ਸਾਹਿਬਜ਼ਾਦਿਆਂ ਨੂੰ ਡਰਾਉਣ ਲਈ ਕਿਹਾ ਕਿ ਤੁਹਾਡੇ ਪਿਤਾ ਅਤੇ ਤੁਹਾਡੇ ਦੋਵੇਂ ਵੱਡੇ ਭਰਾ ਕਤਲ ਕੀਤੇ ਜਾ ਚੁੱਕੇ ਹਨ। ਪਰ ਤੁਸੀਂ ਆਪਣੀਆਂ ਜਾਨਾਂ ਬਚਾ ਸਕਦੇ ਹੋ। ਤੁਹਾਨੂੰ ਬੜੇ ਸੁੱਖ ਤੇ ਆਰਾਮ ਮਿਲਣਗੇ ਅਤੇ ਜਦੋਂ ਵੱਡੇ ਹੋ ਜਾਉਗੇ ਤਾਂ ਤੁਹਾਨੂੰ ਵੱਡੇ ਘਰਾਂ ਵਿਚ ਵਿਆਹਿਆ ਜਾਵੇਗਾ ਅਤੇ ਵੱਡੇ ਵੱਡੇ ਮਰਤਬੇ ਤੇ ਜਾਗੀਰਾਂ ਮਿਲਣਗੀਆਂ, ਸੋ ਇਸ ਲਈ ਤੁਸੀਂ ਕਲਮਾਂ ਪੜ੍ਹੋ ਤੇ ਮੁਸਲਮਾਨ ਬਣ ਜਾਉ ਅਤੇ ਜੇ ਤੁਸੀਂ ਮੁਸਲਮਾਨ ਨਾ ਬਣੇ ਤਾਂ ਮਾਰ ਦਿੱਤੇ ਜਾਓਗੇ। ਦੋਵੇਂ ਸਾਹਿਬਜ਼ਾਦਿਆਂ ਨੇ ਬਿਨਾਂ ਕਿਸੇ ਜੱਕੋ ਤਕੋ ਦੇ, ਬਿਨਾਂ ਡਰ ਦੇ, ਤੇ ਬਿਨਾਂ ਝਿਜਕੇ ਉਤਾਰ ਦਿੱਤਾ ਕਿ ਅਸੀਂ ਅਣਖ ਅਤੇ ਧਰਮ ਛੱਡ ਕੇ ਜੀਊਣ ਨੂੰ ਤਿਆਰ ਨਹੀਂ। ਤੁਹਾਡਾ ਜਿਵੇਂ ਜੀਅ ਕਰੇ, ਕਰ ਲਉ। ਸੂਬੇਦਾਰ ਨੇ ਕਿਹਾ ਕਿ ਤੁਹਾਨੂੰ ਅੱਜ ਦਾ ਦਿਨ ਸੋਚਣ ਲਈ ਮੌਕਾ ਦਿੱਤਾ ਜਾਂਦਾ ਹੈ ਤੇ ਕਲ੍ਹ ਨੂੰ ਤੁਹਾਡਾ ਫੈਸਲਾ ਕਰਾਂਗੇ।

ਅਗਲੀ ਰਾਤ ਮਾਤਾ ਜੀ ਤੇ ਬੱਚਿਆਂ ਨੇ ਫਿਰ ਠੰਢੇ ਬੁਰਜ ਵਿਚ ਹੀ ਕੱਟੀ ਅਤੇ ਰਾਤ ਨੂੰ ਸਾਰੀ

ਰਾਤ ਮਾਤਾ ਜੀ ਬੱਚਿਆਂ ਨੂੰ ਸਮਝਾਉਂਦੇ ਰਹੇ ਕਿ ਬੇਟਾ ਧਰਮ ਤੇ ਅਣਖ ਨਹੀਂ ਛੱਡਣੀ ਤਾਂ ਬੱਚਿਆਂ ਨੇ ਮਾਤਾ ਜੀ ਨੂੰ ਵਾਅਦਾ ਕੀਤਾ ਤੇ ਵਚਨ ਦਿੱਤਾ ਕਿ ਮਾਤਾ ਜੀ ਅਸੀਂ ਦਾਦਾ ਜੀ (ਗੁਰੂ ਤੇਗ ਬਹਾਦਰ ਸਾਹਿਬ) ਵਾਂਗ ਸ਼ਹੀਦ ਤਾਂ ਹੋ ਜਾਵਾਂਗੇ ਪਰ ਆਪਣਾ ਸਿੱਖੀ ਧਰਮ ਨਹੀਂ ਛੱਡਾਂਗੇ। ਸੋ ਅਗਲੇ ਦਿਨ ਸਿਪਾਹੀ ਬੱਚਿਆਂ ਨੂੰ ਲੈਣ ਆ ਗਏ ਤੇ ਮਾਤਾ ਜੀ ਨੇ ਬੱਚਿਆਂ ਨੂੰ ਤਿਆਰ ਕਰ ਕੇ, ਉਹਨਾਂ ਦੇ ਮੱਥੇ ਚੁੰਮੇ ਤੇ ਉਹਨਾਂ ਨੂੰ ਹਿੱਕ ਨਾਲ ਲਾ ਕੇ ਤੇ ਲਾਡ ਕਰਕੇ, ਪਿਆਰ ਨਾਲ ਭੇਜਿਆ ਤੇ ਕਿਹਾ ਕਿ ਜਾਉ ਮੇਰੇ ਲਾਲ ਤੁਹਾਨੂੰ ਮੈਂ ਅੱਜ ਤੁਹਾਡੇ ਦਾਦੇ ਨੂੰ ਸੌਂਪਿਆ ਤੇ ਸਿਪਾਹੀ ਬੱਚਿਆਂ ਨੂੰ ਲੈ ਕੇ ਕਚਹਿਰੀ ਵੱਲ ਨੂੰ ਚੱਲ ਪਏ। ਕਰਮਚਾਰੀਆਂ ਨੇ ਡਿਉਢੀ ਦਾ ਮੇਨ ਗੇਟ ਦਰਵਾਜ਼ਾ ਬੰਦ ਕਰ ਦਿੱਤਾ ਤੇ ਛੋਟੀ ਖਿੜੀ ਖੋਲ੍ਹ ਦਿੱਤੀ। ਜਦੋਂ ਬੱਚੇ ਖਿੜਕੀ ਵਿਚੋਂ ਸਿਰ ਨਿਵਾ ਕੇ ਲੰਘਣਗੇ ਤਾਂ ਸੂਬੇਦਾਰ ਨੂੰ ਸਲਾਮ ਹੋ ਜਾਵੇਗੀ। ਜਦੋਂ ਸਾਹਿਬਜ਼ਾਦੇ ਗੇਟ ਕੋਲ ਪਹੁੰਚੇ ਤਾਂ ਉਹ ਇਕ ਦਮ ਉਹਨਾਂ ਜ਼ਾਲਮਾਂ ਦੀ ਚਾਲ ਨੂੰ ਸਮਝ ਗਏ। ਉਹਨਾਂ ਨੇ ਉਸ ਖਿੜੀ ਵਿਚੋਂ ਪਹਿਲੇ ਪੈਰ ਲੰਘਾਏ ਤੇ ਬਾਅਦ ਵਿਚ ਸਿਰ ਲੰਘਾਏ। ਮਤਲਬ ਕਿ ਅਸੀਂ ਸਿਰ ਨਿਵਾਣ ਦੀ ਥਾਂ ਤੇ ਤੁਹਾਨੂੰ ਜੁੱਤੀ ਦਿਖਾਂਨੇ ਆਂ। ਇਸ ਨੂੰ ਕਹਿੰਦੇ ਹਨ ਅਣਖ ਅਤੇ ਦੂਜੇ ਦਿਨ ਵੀ ਕਚਹਿਰੀ ਵਿਚ ਪਹੁੰਚ ਕੇ ਗਜ ਕੇ ਵਾਹਿਗੁਰੂ ਜੀ ਕੀ ਫਤਹਿ ਬੁਲਾਈ। ਇਹ ਵੇਖ ਕੇ ਸਾਰੇ ਲੋਕ ਹੈਰਾਨ ਰਹਿ ਗਏ ਕਿ ਇਤਨਾ ਕੁਛ ਹੋਣ ਤੇ ਵੀ ਇਹਨਾਂ ਦੇ ਚਿਹਰੇ ’ਤੇ ਜ਼ਰਾ ਵੀ ਡਰ ਨਹੀਂ, ਡਰ ਹੁੰਦਾ ਵੀ ਕਿਵੇਂ, ਕਿਉਂਕਿ ਬੱਚਿਆਂ ਨੇ ਦਾਦਾ ਜੀ ਦਾ ਇਹ ਸਲੋਕ ਪੜ੍ਹਿਆ ਹੋਇਆ ਸੀ:

ਭੈ ਕਾਹੂ ਕਉ ਦੇਤ ਨਹਿ, ਨਹ ਭੈ ਮਾਨਤ ਆਨ (ਮ: 9, ਪੰਨਾ 1427)

ਨਾ ਤਾਂ ਡਰਨਾ ਹੈ ਤੇ ਨਾ ਹੀ ਡਰਾਉਣਾ ਹੈ। ਬਾਅਦ ਵਿਚ ਸੂਬੇਦਾਰ ਨੇ ਪੁੱਛਿਆ ਕਿ ਦੱਸੋ ਬੱਚਿਉ ਤੁਸੀਂ ਕੀ ਫੈਸਲਾ ਕੀਤਾ ਹੈ। ਤੁਹਾਨੂੰ ਮੁਸਲਮ ਧਰਮ ਕਬੂਲ ਹੈ ਜਾਂ ਕਿ ਮੌਤ ਕਬੂਲ ਕਰਨੀ ਹੈ। ਕਚਹਿਰੀ ਵਿਚ ਬੈਠੇ ਹੋਰ ਲੋਕਾਂ ਨੇ ਵੀ ਬੜੇ ਡਰਾਵੇ ਦਿੱਤੇ ਅਤੇ ਲਾਲਚ ਵੀ ਦਿੱਤੇ, ਪਰ ਗੁਰੂ ਜੀ ਦੇ ਲਾਲ ਰਤੀ ਭਰ ਵੀ ਜ਼ਰਾ ਵੀ ਨਹੀਂ ਡੋਲੇ। ਉਹੀ ਜਵਾਬ ਕਿ ਤੁਸੀਂ ਜੋ ਕਰਨਾ ਹੈ ਕਰ ਲਵੋ, ਪਰ ਅਸੀਂ ਆਪਣਾ ਧਰਮ ਨਹੀਂ ਛੱਡਣਾ। ਵਜੀਰ ਖਾਂ ਨੇ ਗੁੱਸੇ ਵਿਚ ਆ ਕੇ ਇਹਨਾਂ ਨੂੰ ਕਤਲ ਕੀਤੇ ਜਾਣ ਦਾ ਹੁਕਮ ਦੇ ਦਿੱਤਾ। ਇਹ ਹੁਕਮ ਸੁਣ ਕੇ ਸਾਹਿਬਜ਼ਾਦਿਆਂ ਨੇ ਇਕ ਜ਼ੋਰਦਾਰ ਜੈਕਾਰਾ ਛੱਡਿਆ। ਇਹ ਗਲਤ ਫੈਸਲਾ ਨਵਾਬ ਦਾ ਸੁਣ ਕੇ , ਨਵਾਬ ਮਲੇਰਕੋਟਲਾ ਨੇ ਸੂਬੇਦਾਰ ਨੂੰ ਕਿਹਾ ਕਿ ਏਹ ਮਾਸੂਮ ਬੱਚਿਆਂ ਨੂੰ ਕਤਲ ਕਰਨਾ ਠੀਕ ਨਹੀਂ, ਪਰ ਉਹਨਾਂ ਦੀ ਇਕ ਵੀ ਨਾ ਸੁਣੀ ਅਤੇ ਨਵਾਬ ਵਜ਼ੀਰ ਖਾਂ ਨੇ 13 ਪੋਹ 27 ਦਸੰਬਰ ਸੰਨ ਈਸਵੀ 1704 ਦਾ ਦਿਨ ਬੱਚਿਆਂ ਨੂੰ ਨੀਂਹ ਵਿਚ ਚਿਣ ਕੇ ਕਤਲ ਕਰਨ ਦਾ ਨੀਅਤ ਕਰ ਦਿੱਤਾ। ਉਸ ਸਮੇਂ ਸਾਹਿਬਜ਼ਾਦਿਆਂ ਨੇ ਜੋ ਜਵਾਬ ਦਿੱਤਾ, ਉਸ ਬਾਰੇ ਇਕ ਕਵੀ ਲਿਖਦਾ ਹੈ:

ਹਮ ਸਰੇਦਾਰ ਬਸਦ, ਸ਼ੌਕ ਜੋ ਗਰ ਕਰਤੇ ਹੈਂ
ਸਰ ਕੌਮ ਕਾ ਹੋ ਊਚਾ, ਨਜ਼ਰ ਏਹ ਸਰ ਕਰਤੇ ਹੈਂ

ਸੋ ਦੋਹਾਂ ਸਾਹਿਬਜ਼ਾਦਿਆਂ ਨੂੰ 13 ਪੋਹ ਸੰਮਤ 1761 ਅਤੇ 27 ਦਸੰਬਰ ਸੰਨ ਈਸਵੀ 1704 ਵਾਲੇ ਦਿਨ ਕਤਲ ਕਰਨ ਲਈ, ਸਿਪਾਹੀ ਮਾਤਾ ਜੀ ਪਾਸੋਂ ਲੈ ਕੇ ਆਏ ਅਤੇ ਮਾਤਾ ਜੀ ਨੇ ਸਾਹਿਬਜ਼ਾਦਿਆਂ ਨੂੰ ਆਪਣੇ ਹੱਥੀਂ ਆਖਰੀ ਵਾਰ ਤਿਆਰ ਕੀਤਾ ਤੇ ਮੂੰਹ ਚੁੰਮ ਕੇ ਕਿਹਾ ਜਾਉ ਤੁਹਾਨੂੰ ਤੇਗ ਬਹਾਦਰ ਨੂੰ ਸੌਂਪਿਆ। ਇਕ ਕਵੀ ਨੇ ਲਿਖਿਆ ਹੈ:

ਮਾਤਾ ਨੇ ਦੇਖ ਕਰ ਕਹਾ, ਹੈ ਯੇਹ ਗਜ਼ਬ ਹੂਆ
ਬਸ ਆਨ ਪਹੁੰਚਾ ਸਰਪੇ ਹੈ ਮੌਕਾ ਜੁਦਾਈ ਕਾ
ਦੇਖੂੰਗੀ ਉਮਰ ਭਰ ਕੋ ਨਾ ਪਿਆਰੀ ਸੂਰਤੇਂ
ਜਾਨੇ ਸੇ ਪਹਿਲੇ, ਆਓ ਗਲੇ ਸੇ ਤੋ ਲਗਾ ਲੂੰ
ਪਿਆਰੇ ਪਿਆਰੇ ਸਰੋਂ ਪੇ ਨਨ੍ਹੀ ਸੀ ਕਲਗੀ ਤੋਂ ਸਜਾ ਲੂੰ
ਮਰਨੇ ਸੇ ਪਹਿਲੇ ਤੁਮਕੋ, ਮੈਂ ਦੂਲਹਾ ਤੋਂ ਬਣਾ ਲੂੰ
ਰੋ ਰੋ ਕੇ ਮਾਤਾ ਗੁਜਰੀ ਨੇ ਆਰਾਸਤ ਕੀਆ
ਤੀਰੋਂ ਕਮਾਂ ਸੇ, ਤੇਗ ਸੇ, ਮੈਰਾਸਤ ਕੀਆ

ਸ਼ਹੀਦੀ ਵਾਲੇ ਦਿਨ, ਬਾਬਾ ਜ਼ੋਰਾਵਰ ਸਿੰਘ ਦੀ ਉਮਰ ਸਿਰਫ 8 ਸਾਲ ਦੀ ਸੀ ਕਿਉਂਕਿ ਇਹਨਾਂ ਦਾ ਜਨਮ ਮੱਘਰ ਦੇ ਮਹੀਨੇ ਸੰਮਤ 1753 ਤੇ ਈਸਵੀ ਸੰਨ 1697 ਨੂੰ ਅਨੰਪੁਰ ਸਾਹਿਬ ਵਿਚ ਹੋਇਆ ਸੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਫੱਗਣ ਦੇ ਮਹੀਨੇ ਸੰਮਤ 1755 ਤੇ ਈਸਵੀ ਸੰਨ 1699 ਨੂੰ ਆਨੰਦਪੁਰ ਸਾਹਿਬ ਵਿਖੇ ਹੋਇਆ ਸੀ।

ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਲਈ ਪਹਿਲੇ ਇਕ ਥੜਾ ਬਣਾ ਕੇ ਉਸ ਦੇ ਉੱਤੇ ਖੜਾ ਕੀਤਾ ਗਿਆ ਤੇ ਫਿਰ ਉਹਨਾਂ ਦੇ ਦੁਆਲੇ ਦੀਵਾਰ ਬਣਾਉਣੀ ਸ਼ੁਰੂ ਕੀਤੀ ਅਤੇ ਨਾਲ ਨਾਲ ਘੜੀ ਮੁੜੀ ਉਹਨਾਂ ਨੂੰ ਮੁਸਲਮਾਨ ਬਣ ਕੇ ਜਾਨ ਬਚਾਉਣ ਲਈ ਵੀ ਕਹਿੰਦੇ ਰਹੇ, ਪਰ ਸਾਹਿਬਜ਼ਾਦੇ ਵਾਹਿਗੁਰੂ ਦਾ ਜਾਮ ਕਰਦੇ ਅਡੋਲ ਖੜ੍ਹੇ ਰਹੇ ਅਤੇ ਜਦ ਦੀਵਾਰ ਮੋਢਿਆਂ ਤਕ ਹੋ ਗਈ ਤਾਂ ਸਾਹਿਬਜ਼ਾਦਿਆਂ ਨੇ ਜ਼ੋਰ ਦਾ ਜੈਕਾਰਾ ਛੱਡਿਆ ਤੇ ਆਪਸ ਵਿਚ ਗਜ ਕੇ ਫਤਹਿ ਬੁਲਾਈ। ਜੱਲਾਦ ਨੇ ਦੋਨਾਂ ਸਾਹਿਬਜ਼ਾਦਿਆਂ ਦੇ ਸੀਸ ਕਤਲ ਕਰ ਦਿੱਤੇ। ਸੋ ਸਾਹਿਬਜ਼ਾਦਿਆਂ ਨੇ ਆਪਣੇ ਪਿਤਾ ਜੀ ਦੇ ਏਹ ਵਚਨ ਪੂਰੇ ਕਰ ਦਿੱਤੇ

ਧਰਮ ਹੇਤ ਸਾਕਾ ਜਿਨ ਕੀਆ, ਸੀਸ ਦੀਆ ਪਰ ਸਿਰਰ ਨ ਦੀਆ

ਸੀਸ ਤਾਂ ਦੇ ਦਿੱਤਾ, ਪਰ ਸਿਰਰ ਆਪਣਾ ਸਿਰੜ ਆਪਣੀ ਅਣਖ ਆਪਣਾ ਮਿਸ਼ਨ ਨਹੀਂ ਛੱਡਿਆ।

ਆਸ਼ਕ ਹੈ ਜੋ ਸ਼ਹਾਦਤ ਕੇ, ਵੋਹ ਜੀਨਾ ਛੋੜ ਦੇਤੇਂ ਹੈ
ਖਿਲੋਨਾ ਸਮਝ ਕਰ, ਜਿਸਮ ਕੋ, ਵੋਹ ਫੋੜ ਦੇਤੇ ਹੈਂ।
ਨਾ ਹੂਰੇਂ, ਨਾ ਜੰਨਤ, ਨਾ ਤਾਜੋ ਤਖਤ ਕੀ ਹਸਰਤ ਹੈ
ਖੁਦਾ ਗਰ ਖੁਦਾਈ ਭੀ ਦੇ, ਤੋ ਵੋਹ ਮੋੜ ਦੇਤੇ ਹੈਂ

ਸ਼ਹੀਦ ਦੀ ਯਾਦ

ਤੁਮ੍ਹਾਰੀ ਲਾਸ਼ੇਂ ਰਹੇਂ ਬੇ ਕਫਨ ਤੋ ਕਿਆ ਗ਼ਮ ਹੈ
ਇਹਨੇ ਛੁਪਾਏਗੀ ਆਂਚਲ ਮੇਂ ਸਰ ਜ਼ਮੀਨੇ ਵਤਨ
ਤੁਮ੍ਹਾਰੀ ਮੌਤ ਪੇ ਆਂਸੂ ਕੋਈ ਬਹਾ ਨਾ ਸਕਾ
ਹਮੇਸ਼ਾਂ ਰੋਇਆ ਕਰੇਗਾ, ਚਿਰਾਗੇ ਨੂੰ ਕੂੰਹਨ
ਤੁਮ੍ਹਾਰੇ ਖੂਨ ਕੀ ਲਾਲੀ, ਨਾ ਜਾਏਗੀ ਬੇਕਾਰ
ਚਮਨ ਕੋ ਹੋਗਾ, ਬਹਾਰੋਂ ਮੇਂ ਕੁੱਛ ਐਹਸਾਸ
ਸਬੱਕ ਕਾ ਚਿਹਰਾ ਹੋ, ਜਾਂ ਸੁਭਾ ਕੀ ਤਬੱਸਮ ਹੋ
ਇਸੀ ਸੇ ਚਮਕੇਗਾ ਫੂਲੋਂ ਕਾ ਨਰਮ ਨਰਮ ਲਿਬਾਸ
ਸੁਬ੍ਹਾ ਤੁਮ੍ਹਾਰੀ ਸ਼ਹਾਦਤ ਕੀ, ਪਾਰ ਖੁਸ਼ਬੂ, ਹਰ
ਇਕ ਮੁਕਾ ਪੇ ਧੀਰੇ ਸੇ, ਯਾਦ ਆਏਗੀ
ਨਈ ਬਹਾਰ ਜਬ ਆਏਗੀ ਗੁਲਸ਼ਨ ਪੇ
ਰਤਨ ਤੁਮ੍ਹਾਰੀ ਯਾਦ ਹਰ ਏਕ ਮੇਂ ਮੁਸਕਰਾਏਗੀ॥

**Simran Niwas, H. No. 425 Street No. 1, New Vasant Vihar, Kakowal Road Ludhiana (Punjab) 141 008, M : 9780708747**

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਸੁਰ ਲਿਪੀ - ਰਾਗ ਜੈਤਸਰੀ

ਮਾਸਟਰ ਨਿਹਾਲ ਸਿੰਘ

ਜਾਤੀ : ਔਡਵ ਸੰਪੂਰਨ॥ ਵਰਜਿਤ ਆਰੋਹ ਵਿਚ ਰ, ਧ
ਠਾਟ : ਪੂਰਵੀ : ਵਾਦੀ : ਗੰਧਾਰ : ਸੰਵਾਦੀ, ਨਿਸ਼ਾਦ ਸਮਾਂ : ਸ਼ਾਮ
ਆਰੋਹ : ਨ. ਸ, ਗਪ, ਮ' ਧੁ ਪ, ਨ ਸਂ ॥
ਅਵਰੋਹ : ਸਂ ਨ ਧੁ ਪ, ਮ' ਗ, ਮ' ਗ, ਰੁ ਸ॥
ਮੁੱਖ ਅੰਗ : ਨ਼ ਸ ਗ ਪ, ਮ' ਧੁ ਪ, ਮ'ਗ, ਮ'ਗ, ਰੁ ਸ॥

**ਰਾਗ ਜੈਤਸਰੀ** — **ਝਪ ਤਾਲ**

| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|---|---|---|---|---|---|---|---|---|
| ਮ' | ਧੁ | ਮ' | - | ਗ | ਸ | ਗ | ਪ | - | ਪ | ਪ | ਮ' | ਗ | - | ਮ' | ਗ | ਰੁ | ਸ | ਸ | ਸ |
| ਆ | ਦਿ | ਪੂ | s | ਰਨ | ਮ | ਧਿ | ਪੂ | s | ਰਨ | ਅੰ | ਤਿ | ਪੂ | s | ਰਨ | ਪ | ਰ | ਮੇ | ਸੁ | ਰਹ |
| ਨ. | ਸ | ਗ | ਮ' | ਪ | ਧੁ | ਪ | ਮ' | ਮ' | ਪ | ਨ | ਧੁ | ਪ | ਮ' | ਪ | ਮ' | ਗ | ਰੁ | ਰੁ | ਸ |
| ਸਿ | ਮ | ਰੰ | ਤਿ | ਸੰਤ | ਸ | ਰ | ਬੜ੍ਹ | ਰਮ | ਣੰ | ਨਾ | ਨਕ | ਅਘ | ਨਾ | ਸਨ | ਜ | ਗ | ਦੀ | ਸੁ | ਰਹ |
| ਨ. | ਸ | ਗ | ਪ | ਮ' | ਪ | ਧੁ | ਮ' | ਪ | ਪ | ਮ' | ਧੁ | ਪ | ਮ' | ਪ | ਮ' | ਗ | ਮ' | - | ਗ |
| ਪੇ | ਖਨ | ਸੁ | ਨ | ਨ | ਸੁ | ਨਾ | s | ਵ | ਨੋ | ਮ | ਨ | ਮ | ਹਿ | ਦ੍ਰਿੜ | ਐ | s | ਸਾ | s | ਚੁ |
| ਮ' | ਧੁ | ਪ | - | ਸਂ | ਨ | ਧੁ | ਪ | ਪ | ਪ | ਮ' | ਗ | ਮ' | - | ਧੁ | ਮ' | ਗ | ਰੁ | - | ਸ |
| ਪੂ | ਰਿ | ਰ | ਹਿ | ਓ | ਸ | ਰ | ਬ | ੜ੍ਹ | ਮੈ | ਨਾ | ਨਕ | ਹ | ਰਿ | ਰੰਗਿ | ਰਾ | s | ਚੁ | s | s |


## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302, State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੭੦੫

ang 705

### ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ

Jaitsree, Fifth Mehl, Vaar With Shaloks:

### ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

### ਸਲੋਕ ॥

Shalok:

### ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥

In the beginning, He was pervading; in the middle, He is pervading; in the end, He will be pervading. He is the Transcendent Lord.

### ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥੧॥

The Saints remember in meditation the all-pervading Lord God. O Nanak, He is the Destroyer of sins, the Lord of the universe. ||1||

### ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥

See, hear, speak and implant the True Lord within your mind.

### ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥੨॥

He is all-pervading, permeating everywhere; O Nanak, be absorbed in the Lord's Love. ||2||

Without the Sanctuary of the Lord's Protection, who else's should I seek? ||6||1||

## ਵਿਦੇਸ਼ੀ ਪਾਠਕਾਂ ਨੂੰ ਬੇਨਤੀ

ਹੁਣ ਆਪ ਜੀ ਅੰਮ੍ਰਿਤ ਕੀਰਤਨ ਵੈਬਸਾਈਟ www.amritkirtan.com ਉਪਰ ਪੜ੍ਹ ਸਕਦੇ ਹੋ। ਜੇ ਤੁਸੀਂ ਚਾਹੋ ਤਾਂ ਡਾਕ ਰਾਹੀਂ ਮੈਗ੍ਹੀਨ ਮੰਗਵਾਉਣਾ ਬੰਦ ਕਰਕੇ ਟ੍ਰਸਟ ਦਾ ਕਾਫੀ ਖਰਚਾ ਬਚਾ ਸਕਦੇ ਹੋ।

## SHDF SCHOLARSHIPS FOR PROFESSIONAL COLLEGE COURSE - 2013-14

Upto to Rs. 27,000 per year per student plus Incentives up to Rs. 3,000 to Toppers Scholarships receiptients will also be eligible to attend free of cost, training in Personality and Leadership skills Development

On behalf of the Sikh Human Development Foundation, Inc. U.S.A. (SHDF) the Nishkam Sikh Welfare Council (Regd.) New Delhi invites. Applicants for Scholarships from students in recognized Colleges and Universities pursing Business Management, B.Ed, Journalism, CA etc.

Eligibility Criteria : (1) Minimum 60% makes the pervious examination and (ii) average family income not exceeding Rs. 150,000/- per year.

Application form and detailed instruction are avaiable on Nishkam website www.nishkam. in Duly filed in application forms, together with documentary evidence of past academic performance, family income, paid tuition fees and other refundable and non-refundable charges must reach Nishkam's office by 30th April, 2013 at Nishkam Bhawan, B-Block, Tilak Vihar, Tilak Nagar, New Dehi-110018. Ph. No. 2833-3377/4477/5577/6677. Eligible candidates will be required to take a written test in Punjabi & Moral Science on Sunday, June 30, 2013 at any of the six locations (address of the examination centre will be intimated separately), namely, New Delhi, Chandigarh, Ludhiana, Faridkot, Moga and Amritsar. The date and venue of the interview will be notified later. (Note : Students appearing in XII class examination (academic year 2012-13) can also apply and take the written test and interview, but the scholarship will be granted, if found eligible, only upon admission to a professional course.)

**Every Application must have a valid E-mail, Address of his/her own because correspondence with applicants will be via E-mail only**


If you have any questions, please e-mail them to nishkamsewa1984@gmail.com


## POSITIVE THINKING

- With faith you can move mountains....with doubt you create them.
- "MIND" is like a "FIELD" if we don't create a "Garden" over their, it will convert into "Dirty Field"
- Troubles are like a Washing Machine, they twist, turn & knock us around, but in the end we come out brighter & better than before.
- Hardwork is like a stairs and luck is like a lift. Sometimes life may fail but stairs will also take you the top.

*With best Compliments from a Well Wisher*

Postal Regd. No. G/CHD /0045/2012-14 RNI Regd. No. 46788/89 ISSN 0972-2335



**Punjabi University, Patiala, Punjab (INDIA)**

in collaboration with

(Name of other Sikh Institutions)

has launched

# GURMAT GYAN ONLINE TEACHING

www.gurmatgyanonlinepup.com



Online Admission open for

GURMAT GYAN ELEMENTARY COURSE Free of Cost

## Other Courses

* Foundation Course in Gurmat Sangeet (One Year)
* Certificate Course in Gurmat Sangeet (One Year)
* Diploma in Gurmat Sangeet (One Year)
* Post-graduate Diploma in Gurmat Sangeet (One Year)

*Please be a part of this Online educational program to disseminate the message of Sikh Gurus at global level and support all the dedicated institutions actively engaged in the propagation of our cultural heritage.*

*For further details & information, Please contact*

(Name with Address and Email)

**Dr. Gurnam Singh**
Founder Professor & Head
Gurmat Sangeet Chair-Department of Gurmat Sangeet
drgnam@yahoo.com,
gurmatsangeetonline@pbi.ac.in